ਤਾਰੀਖ ਕੂਕਿਆਂ
ਤੇ ਨਵੀਂ ਰੋਸ਼ਨੀ

ਲਿਖਤ
ਸ. ਨਾਹਰ ਸਿੰਘ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ

ਵਲੋਂ

ਸਤਵੀਂ ਸਰਬ-ਹਿੰਦ ਪੰਜਾਬੀ ਕਾਨਫ਼ਰੰਸ, ਜਲੰਧਰ

ਦੀ ਸਾਹਿੱਤਕ ਗੋਸ਼ਟੀ ਵਿੱਚ

੧੦-੬-੬੧ ਨੂੰ ਪੜ੍ਹਿਆ ਗਇਆ ਲੇਖ ।

# ਭਾਈ ਮਨੀ ਸਿੰਘ ਤੇ ਨਵੀਂ ਰੋਸ਼ਨੀ

ਗਿ: ਗਰਜਾ ਸਿੰਘ

ਮੁੱਖ : ੨੫ ਨਵੇਂ ਪੈਸੇ

1021

Sri Satguru Jagjit Singh Ji eLibrary NamdhariElibrary@gmail.com

ਮਹਿੰਦਰਾ ਆੱਰਟ ਪੈਸ, ਕਚਹਿਰੀ ਰੋਡ, ਲੁਧਿਆਣਾ ।

Sri Satguru Jagjit Singh Ji eLibrary NamdhariElibrary@gmail.com

ਗਿਆਨੀ ਗਰਜਾ ਸਿੰਘ—

# ਭਾਈ ਮਨੀ ਸਿੰਘ ਸ਼ਹੀਦ ਤੇ ਨਵੀਂ ਰੋਸ਼ਨੀ

ਇਸ ਤੋਂ ਪਹਲਾਂ ਕਿ ਮੈਂ ਆਪਣਾ ਲੇਖ ਸ਼ੁਰੂ ਕਰਾਂ ਮੈਂ ਪੰਜਾਬੀ ਸਾਹਿੱਤ ਅਕਾਡਮੀ ਦਾ ਧੰਨਵਾਦ ਕਰਨਾ ਆਪਣਾ ਫਰਜ਼ ਸਮਝਦਾ ਹਾਂ। ਜਿਸਨੇ ਮੇਰੇ ਵਰਗੇ ਗੁਮਨਾਮੀ ਦੀ ਹਾਲਤ ਵਿੱਚ ਬੈਠੇ ਸੇਵਕ ਨੂੰ ਵਿਦਵਾਨਾਂ ਦੇ ਇਸ ਸਮਾਗਮ ਦੇ ਸਾਹਮਣੇ ਆ ਕੇ ਭਾਈ ਮਨੀ ਸਿੰਘ ਜੀ ਸ਼ਹੀਦ ਦੇ ਸੰਬੰਧ ਵਿੱਚ ਆਪਣੀ ਇਕੱਤਰ ਕੀਤੀ ਵਾਕਫ਼ੀ ਪੇਸ਼ ਕਰਨ ਦਾ ਅਵਸਰ ਬਖਸ਼ਿਆ ਹੈ। ਮੇਰੇ ਵਾਂਗ ਇਤਿਹਾਸਕ ਖੋਜ ਦੀ ਲਗਨ ਵਾਲੇ ਹੋਰ ਭੀ ਸੱਜਣ ਮੌਜੂਦ ਹਨ ਜਿਨ੍ਹਾਂ ਦਾ ਕੰਮ ਬੜਾ ਨਿੱਗਰ ਹੈ। ਪਰ ਸਾਡੇ ਅੱਜ ਦੇ ਵਿਦਵਾਨਾਂ ਪਾਸ ਨਾ ਤਾਂ ਹਮਾਤੜਾਂ ਦੀ ਖੋਜ ਵਲ ਧਿਆਨ ਦੇਣ ਦਾ ਵਿਹਲ ਹੈ ਤੇ ਨਾ ਸਾਨੂੰ ਪੁਰਾਣੀ ਬਿਰਤੀ ਦੇ ਬੰਦਿਆਂ ਨੂੰ ਆਪਣੇ ਢੋਲ ਵਜਾਉਣ ਦਾ ਪੂਰਾ ਵਲ ਹੀ ਆਉਂਦਾ ਹੈ। ਜਿਸ ਨਾਲ ਸਾਡੀ ਘਾਲ ਥਾਂ ਪੈ ਜਾਏ। ਐਸੀ ਹਾਲਤ ਵਿੱਚ ਪੰਜਾਬ ਦੀ ਇੱਕ ਉੱਘੀ ਸ਼ਖਸੀਅਤ ਭਾਈ ਮਨੀ ਸਿੰਘ ਸੰਬੰਧੀ ਇਕੱਠੀ ਕੀਤੀ ਸਾਮਗ੍ਰੀ ਨੂੰ ਵਿਦਵਾਨਾਂ ਦੇ ਸਾਹਮਣੇ ਪਰੋਸਣ ਦਾ ਤੇ ਉਸਦੀ ਪ੍ਰਾਮਾਣਿਕਤਾ ਬਾਰੇ ਉਨ੍ਹਾਂ ਦੀ ਰਾਏ ਤੋਂ ਲਾਭ ਉਠਾਉਣ ਦਾ ਜੋਹੜਾ ਇਹ ਮੌਕਾ ਮੈਨੂੰ ਬਖਸ਼ਿਆ ਗਇਆ ਹੈ ਉਸ ਲਈ ਮੈਂ ਦਿਲੋਂ ਮਨੋ ਕਿਰਤਗਯ ਹਾਂ। ਇਉਂ ਲਗਦਾ ਹੈ ਕਿ ਮੈਨੂੰ ਇਹ ਮੌਕਾ ਬਖਸ਼ ਕੇ ਪੰਜਾਬੀ ਸਾਹਿੱਤ ਅਕਾਡਮੀ ਨੇ ਪੁਰਾਣੇ ਤੇ ਨਵੇਂ ਖੋਜੀਆਂ ਦੇ ਵਿਚਕਾਰ ਇੱਕ ਪੁਲ ਉਸਾਰ ਦਿਤਾ ਹੈ। ਜਿਸ ਲਈ ਮੈਂ ਇੱਕ ਵਾਰੀ ਫੇਰ ਸਭ ਦਾ ਧੰਨਵਾਦ ਕਰਦਾ ਹਾਂ।

(੨)

ਆਰੰਭ ਵਿੱਚ ਹੀ ਮੈਂ ਏਥੇ ਇਕੱਤਰ ਹੋਏ ਵਿਦਵਾਨਾਂ ਕੋਲੋਂ ਖਿਮਾਂ ਭੀ ਮੰਗਣੀ ਚਾਹੁੰਦਾ ਹਾਂ ਕਿ ਮੇਰੇ ਲੇਖ ਦਾ ਸਭ ਤੋਂ



Sri Satguru Jagjit Singh Ji eLibrary NamdhariElibrary@gmail.com

ਅਹਮ ਭਾਗ ਭਾਈ ਮਨੀ ਸਿੰਘ ਬਾਰੇ ਅਨੇਕ ਇਤਿਹਾਸਕ ਅਸ਼ੁਧੀਆਂ ਦੀ ਸੁਧਾਈ ਨਾਲ ਸੰਬੰਧਿਤ ਹੈ । ਇਹ ਉਹ ਪੱਖ ਹੈ ਜਿਸ ਨਾਲ ਤੁਹਾਡੇ ਵਿਚੋਂ ਸ਼ਾਇਦ ਬਹੁਤੇ ਸੱਜਣ ਢੂੰਘਾ ਲਗਾਉ ਨਾ ਰਖਦੇ ਹੋਣ। ਤੇ ਇਸ ਅਕਾਡਮੀ ਦੀ ਸਟੇਜ ਤੋਂ ਕੇਵਲ ਭਾਈ ਸਾਹਬ ਦੀ ਸਾਹਿੱਤਕਾਰੀ ਦੀ ਚਰਚਾ ਦੀ ਹੀ ਆਸ ਰਖਦੇ ਹੋਣ। ਮੈਨੂੰ ਇਹ ਲੇਖ ਤਿਆਰ ਕਰਨ ਲਈ ਅਕਾਡਮੀ ਵਲੋਂ ਬਹੁਤ ਥੋੜਾ ਸਮਾ ਦਿਤਾ ਗਇਆ ਤੇ ਮੈਂ ਇਸ ਸਮੇਂ ਵਿੱਚ ਆਪਣੀ ਪਹਲਾਂ ਵਾਲੀ ਖੋਜ ਨੂੰ ਹੀ ਆਪ ਦੇ ਸਾਹਮਣੇ ਰੱਖਣ ਜੋਗਾ ਵਿਹਲ ਹੀ ਲਭ ਸਕਿਆ ਹਾਂ ਤੇ ਭਾਈ ਸਾਹਬ ਦੀ ਸਾਹਿੱਤ ਰਚਨਾ ਬਾਰੇ ਉਸੇ ਮਾਤਰਾਂ ਨਾਲ ਖੋਜ ਨਹੀਂ ਕਰ ਸਕਿਆ। ਫਿਰ ਭੀ ਆਸ ਹੈ ਕਿ ਏਥੇ ਇਕੱਤਰ ਹੋਏ ਵਿਦਵਾਨ ਇਸ ਲੇਖ ਦੀ ਰਚਨਾ ਪਿੱਛੇ ਲੁਕੀ ਮਿਹਨਤ ਤੇ ਅਸਲੋਂ ਨਵੇਂ ਇਤਿਹਾਸਕ ਸੋਮਿਆਂ ਦੀ ਪੜਤਾਲ ਤੇ ਉਨ੍ਹਾਂ ਦੀ ਰਾਹੀਂ ਨਿਕਲੇ ਅਕੱਟ ਨਤੀਜਿਆਂ ਦੀ ਕਦਰ ਜ਼ਰੂਰ ਕਰਨਗੇ।

( ੩ )

ਮੈਨੂੰ ਇਹ ਦਸਣ ਦੀ ਬਹੁਤੀ ਲੋੜ ਨਹੀਂ ਕਿ ਭਾਈ ਮਨੀ ਸਿੰਘ ਦੀ ਅਨੇਕ ਪੱਖੀ ਸ਼ਖਸੀਅਤ ਦੀ ਪੰਜਾਬ ਦੇ ਇਤਿਹਾਸ ਵਿਚ ਇੱਕ ਨਵੇਕਲੀ ਤੇ ਨਿਰਾਲੀ ਥਾਂ ਹੈ। ਇੱਕ ਐਸੇ ਸਮੇ ਵਿਚ ਜਦੋਂ ਪੰਜਾਬ ਉੱਤੇ ਪਰਲੇ ਦਰਜੇ ਦੀ ਅਹਮਕ, ਜ਼ਾਬਰ ਤੇ ਪਤਿਤ ਹਕੂਮਤ ਲੋਕਾਂ ਦੀ ਅਖਲਾਕੀ ਸ਼ਖਸੀਅਤ ਨੂੰ ਮਲੀਆਮੇਟ ਕਰਨ ਉਤੇ ਤੁਲੀ ਹੋਈ ਸੀ। ਜਦੋਂ ਇਸ ਤਰ੍ਹਾਂ ਦੇ ਸਰਕਾਰੀ ਹੁਕਮ ਜਾਰੀ ਹੋ ਚੁਕੇ ਸਨ ਕਿ ਕੋਈ ਬੰਦਾ ਗੁੜ ਸ਼ਬਦ ਦੀ ਵਰਤੋਂ ਨਹੀਂ ਕਰ ਸਕਦਾ ਕਿਉਂਕਿ ਇਹ "ਗੁਰ" ਸ਼ਬਦ ਦੇ ਖਤਰਨਾਕ ਹੱਦ ਤਕ ਨੇੜੇ ਹੈ। ਜਦੋਂ ਆਦਮੀਆਂ ਦੇ ਸਿਰਾਂ ਤੇ ਇਨਾਮ ਰਖੇ ਗਏ, ਉਸ ਵਕਤ ਭਾਈ ਮਨੀ ਸਿੰਘ ਮਨੁਖੀ ਅਣਖ ਤੇ ਵਿਚਾਰਾਂ ਦੀ ਸੁਤੰਤਰਤਾ ਦੀ ਰਖਿਆ ਵਾਸਤੇ ਤੇ ਵਹਸ਼ੀ ਬਰਬਰਤਾ ਦੇ ਸਾਹਮਣੇ ਆਤਮਕ ਬਲ ਦੀ ਉੱਚਤਾ ਦਰਸਾਉਣ ਦੀ ਖਾਤਰ ਬੰਦ ਬੰਦ ਕਟਵਾ ਗਇਆ। ਇਸ ਤਰ੍ਹਾਂ ਖਿਆਲਾਂ ਦੀ ਆਜ਼ਾਦੀ ਤੇ ਧਰਮ ਦੀ ਰਖਿਆ ਦੇ ਇਤਿਹਾਸ ਵਿੱਚ ਭਾਈ ਮਨੀ ਸਿੰਘ ਦਾ ਦਰਜਾ ਦੁਨੀਆਂ ਦੇ ਮਹਾਨ ਯੋਧਿਆਂ ਵਿੱਚ ਮੰਨਿਆ ਜਾਣਾ ਚਾਹੀਦਾ ਹੈ । ਸ਼ਹੀਦਾਂ ਦੇ ਇਤਿਹਾਸ ਵਿੱਚ ਭਾਈ ਮਨੀ ਸਿੰਘ ਦਾ ਨਾਂ ਸੁਨਹਰੀ ਅੱਖਰਾਂ ਵਿੱਚ ਲਿਖਿਆ ਹੋਇਆ ਹੈ। ਇਸੇ ਲਈ ਸਿੱਖਾਂ ਨੇ ਉਸ ਦੀ ਯਾਦ ਨੂੰ ਆਪਣੀ ਅਰਦਾਸ



Sri Satguru Jagjit Singh Ji eLibrary NamdhariElibrary@gmail.com

ਵਿੱਚ ਪੱਕੇ ਤੌਰ ਤੇ ਸ਼ਾਮਿਲ ਕਰ ਲਇਆ ਹੈ। ਭਾਈ ਮਨੀ ਸਿੰਘ ਦੀ ਅਹਮੀਅਤ ਕੇਵਲ ਇਕ ਜੀਵਨ ਉਸਾਰੂ ਪ੍ਰੇਰਣਾ ਕਰ ਕੇ ਹੀ ਨਹੀਂ, ਸਗੋਂ ਸੁਚੱਜੇ ਮਰਨ ਦਾ ਢੰਗ ਦੱਸਣ ਕਰਕੇ ਭੀ ਬਹੁਤ ਹੈ। ਉਹ ਇਕ ਕ੍ਰਮ ਯੋਗੀ ਸੀ। ਆਪਣੇ ਸਮੇਂ ਦਾ ਨਿਰਭੈ ਜੋਧਾ ਤੇ ਸਿਆਸੀ ਤੇ ਧਾਰਮਿਕ ਆਗੂ ਹੋਣ ਤੋਂ ਬਿਨਾ ਸਿਖ ਧਰਮ, ਸਾਹਿੱਤ ਦਾ ਮਹਾਨ ਵਿਦਵਾਨ ਤੇ ਪੂਰਨ ਗਿਆਤਾ ਭੀ ਸੀ।

( ੪ )

ਐਸੀ ਪ੍ਰਸਿੱਧ ਤੇ ਸ਼ਾਨਦਾਰ ਵਿਅਕਤੀ ਬਾਰੇ ਹਰ ਕਿਸੇ ਨੂੰ ਪੂਰੀ ਤੇ ਨਿਸ਼ਚਿਤ ਵਾਕਫੀ ਮਿਲਣ ਦੀ ਆਸ ਹੋਣੀ ਚਾਹੀਦੀ ਸੀ। ਪਰ ਇਸ ਸੰਬੰਧ ਵਿੱਚ ਕਿੰਨੀ ਅਟਕਲ-ਪੱਚੂ ਵਾਕਫੀਅਤ ਪ੍ਰਾਪਤ ਹੈ, ਇਹ ਉਹੀ ਜਾਣ ਸਕਦਾ ਹੈ ਜਿਸ ਨੂੰ ਭਾਈ ਸਾਹਿਬ ਬਾਰੇ ਕੁਝ ਵਾਚਣ-ਪੂਖਣ ਦਾ ਮੌਕਾ ਮਿਲਿਆ ਹੋਵੇ। ਉਦਾਹਰਣ ਵਜੋਂ—ਕੇਸਰ ਸਿੰਘ ਛਿੱਬਰ ਆਪਣੇ ੧੮੨੬ ਬਿ: (੧੭੬੯ ਈ:) ਵਾਲੇ ਗ੍ਰੰਥ 'ਬੰਸਾਵਲੀ ਨਾਮਾ" ਦੇ ਚਰਨ ਤੇਰ੍ਹਵੇਂ ਵਿਚ ਭਾਈ ਮਨੀ ਸਿੰਘ ਨੂੰ ਕੰਬੋ ਜਾਤੀ ਦਾ ਮੰਨਦਾ ਹੈ:—

"ਭਾਈ ਮਨੀ ਸਿੰਘ ਜਾਤੀ ਕੰਬੋਹ ਸਿਖ ਕਹੀਏ।"

ਤੇ ਕਵੀ ਵੀਰ ਸਿੰਘ 'ਬਲ' ਕ੍ਰਿਤ "ਸਿੰਘ ਸਾਗਰ" ਗ੍ਰੰਥ ਵਿੱਚ ਜੋ ਮਹਾਰਾਜਾ ਨਰਿੰਦਰ ਸਿੰਘ ਪਟਲੇਸ਼ਵਰ ਦੀ ਸਰਪ੍ਰਸਤੀ ਹੇਠ ਸੰਮਤ ੧੮੮੪ ਬਿ: (੧੮੨੭ ਈ:) ਵਿੱਚ ਰਚਿਆ ਗਇਆ, ਦੇ ਅਧਿਆਏ ੧੧ ਵਿਚ ਲਿਖਦਾ ਹੈ:–

ਲੋ ਕੁਸ ਪੁਰ ਕੇ ਅੰਤਰੇ ਕਾਨ੍ਹਾਂ ਕਾਛਾ ਗਿਰਾਉਂ।
ਤਹਿ ਪੁਰ ਜਹਿ ਭਟ ਭਵ ਲਇਓ ਮਨੀ ਸਿੰਘ ਤਿਹ ਨਾਉਂ।੫੭।

ਇਸ ਟੂਕ ਤੋਂ ਸਪਸ਼ਟ ਹੈ ਕਿ ਕਵੀ ਵੀਰ ਸਿੰਘ 'ਬੱਲ' ਭਾਈ ਮਨੀ ਸਿੰਘ ਦਾ ਜਨਮ ਲਾਹੌਰ ਤੇ ਕਸੂਰ ਦੇ ਵਿਚਕਾਰ ਕਾਨ੍ਹੇ ਕਾਛੇ ਪਿੰਡ ਵਿਚ ਮੰਨਦਾ ਹੈ। ਪ੍ਰਸਿੱਧ ਇਤਿਹਾਸਕਾਰ ਗਿ: ਗਿਆਨ ਸਿੰਘ ਦੇ "ਪੰਥ ਪ੍ਰਕਾਸ਼" ਦੀ ਪਹਲੀ ਛਾਪ ਜੋ ੧੯੩੬ ਬਿ: (੧੮੭੯ ਈ:) ਵਿੱਚ ਪ੍ਰਕਾਸ਼ਿਤ ਹੋਈ, ਕਹਿੰਦਾ ਹੈ ਕਿ ਅਸਲ ਵਿੱਚ ਦੋ ਮਨੀ ਸਿੰਘ ਹੋਏ ਹਨ। ਇਕ ਕੰਬੋ ਪਿੰਡ ਮਨੀਕਰਨ ਦਾ, ਦੂਜਾ ਮਾਲਵੇ ਦੇ ਪਿੰਡ ਕੰਬੋਵਾਲ ਦਾ ਚੁਹਾਨ ਮੂੰਹੋ ਦਾ ਦੁੱਲਟ ਜਟ। ਗਿਆਨੀ ਜੀ ਕੇਸਰ ਸਿੰਘ ਛਿਬਰ ਵਾਲੇ ਹਵਾਲੇ ਤੋਂ ਬਚਣ ਦਾ ਯਤਨ ਕਰਦਿਆਂ ਦੋ ਮਨੀ ਸਿੰਘ ਬਣਾ ਦਿਤੇ ਹਨ। ਪਰ ਇਨ੍ਹਾਂ ਨੇ ਦੂਜੇ ਸ਼ਹੀਦ ਮਨੀ ਸਿੰਘ ਦਾ ਜਨਮ ਮਾਲਵੇ ਦਾ



Sri Satguru Jagjit Singh Ji eLibrary NamdhariElibrary@gmail.com

ਦਸਿਆ ਹੈ । ਇਥੇ ਇੱਕ ਸੁਆਦਲੀ ਗੱਲ ਵੱਲ ਤੁਹਾਡਾ ਧਿਆਨ ਦਿਵਾਉਣਾ ਚਾਹੁੰਦੇ ਹਾਂ, ਕਿ 'ਕਾਨ੍ਹਾ-ਕ-ਛਾ' ਮਾਝੇ ਦਾ ਪ੍ਰਸਿੱਧ ਪਿੰਡ ਹੈ ਤੇ ਕਵੀ ਵੀਰ ਸਿੰਘ 'ਬੱਲ' ਆਪ 'ਸਠਿਆਲੇ' ਨਗਰ ਦਾ ਮਝੈਲ ਸੀ ਤੇ ਗਿਆਨੀ ਗਿਆਨ ਸਿੰਘ ਜਿਸ ਨੇ ਭਾਈ ਮਨੀ ਸਿੰਘ ਨੂੰ ਮਾਲਵੇ ਦਾ ਜਟ ਦਸਿਆ ਹੈ, ਇਸੀ ਗੋਤ ਦਾ ਮਲਵਈ ਸੀ । ਇਨ੍ਹਾਂ ਤੋਂ ਪਿਛੋਂ ਗਿ: ਠਾਕਰ ਸਿੰਘ (੧੯੮੧ ਬਿ:–੧੯੨੪ ਈ:) ਕਰਤਾ "ਸ੍ਰੀ ਗੁਰਦਵਾਰੇ ਦਰਸ਼ਨ" ਨੇ ਭਾਈ ਮਨੀ ਸਿੰਘ ਨੂੰ ਘਗਰ ਨਦੀ ਦੇ ਕੰਢੇ ਜ਼ਿਲਾ ਅੰਬਾਲਾ ਦੇ ਪਿੰਡ ਕਾਰਤੂ ਦੀ ਉਪਜ ਦਸਿਆ ਹੈ । ਗਿ: ਆਤਮਾ ਸਿੰਘ ਆਪਣੀ ਪੁਸਤਕ "ਸ਼ਹੀਦ ਭਾਈ ਮਨੀ ਸਿੰਘ" (੧੯੫੫ ਈ:) ਵਿਚ ਦੋ ਮਨੀ ਸਿੰਘ ਸ੍ਵੀਕਾਰ ਕਰਦੇ ਹਨ । ਪਹਲਾ ਅਲੀਵਾਲ ਜ਼ਿਲਾ ਮੁਲਤਾਨ ਦਾ ਤੇ ਦੂਜਾ ਕੰਬੋ ਵਾਲੀਆ ਚੁਹਾਨ ਮੂੰਹੀ ਦਾ ਦੁੱਲਟ ਜੱਟ । ਇਸ ਬਿਆਨ ਵਿੱਚ ਮਜ਼ੇਦਾਰ ਗੱਲ ਇਹ ਹੈ ਕਿ ਸਾਰੇ ਮੁਲਤਾਨ ਜ਼ਿਲੇ ਵਿੱਚ ਅਲੀਵਾਲ ਨਾਮ ਦਾ ਕੋਈ ਨਗਰ ਮੌਜੂਦ ਨਹੀਂ ਹੈ । ਪੰਜਾਬੀ ਸਾਹਿੱਤ ਸਮੀਖਿਆ ਬੋਰਡ ਜਾਲੰਧਰ ਵਲੋਂ ਦਸੰਬਰ ੧੯੬੦ ਵਿੱਚ "ਗਿ: ਗਿਆਨ ਸਿੰਘ ਅਧਿਐਨ" ਨਾਂ ਦੇ ਗ੍ਰੰਥ ਵਿੱਚ ਸ੍ਰੀ ਪ੍ਰੀਤਮ ਰਾਹੀ ਨੇ ਲਿਖਿਆ ਹੈ ਕਿ "ਮਨੀ ਸਿੰਘ ਦਾ ਪ੍ਰਥਮ ਨਾਮ ਨਗਾਹੀਆ ਸੀ । ਬਚਪਨ ਦੀ ਕੋਈ ਹੋਰ ਗਾਥਾ ਨਹੀਂ ਮਿਲਦੀ । ਐਨਾ ਪਤਾ ਲਗਦਾ ਹੈ ਕਿ ਇਸ ਦਾ ਪਿਤਾ ਕਾਲਾ ਇਸ ਨੂੰ ਗੁਰੂ ਗੋਬਿੰਦ ਸਿੰਘ ਦੇ ਚਰਣਾਂ ਵਿੱਚ ਛੱਡ ਗਇਆ ਸੀ ।" ਅੱਡ ਅੱਡ ਲਿਖਾਰੀਆਂ ਦੇ ਅੱਡ ਅੱਡ ਬਿਆਨ ਤੇ ਕਿਤੇ ਰਹੇ, ਇੱਕੋ ਲਿਖਾਰੀ ਦੀ ਇੱਕੋ ਪੁਸਤਕ ਦੀਆਂ ਵੱਖ ਵੱਖ ਛਾਪਾਂ ਵਿੱਚ ਦਿਤੇ ਬਿਆਨਾਂ ਦਾ ਆਪਸੀ ਵਿਰੋਧ ਭੀ ਕੋਈ ਘੱਟ ਮਜ਼ੇਦਾਰ ਨਹੀਂ--ਮਸਲਨ ਗਿ: ਗਿਆਨ ਸਿੰਘ ਜੀ ਦੇ 'ਪੰਥ ਪ੍ਰਕਾਸ਼' ਦੀ ੧੯੩੬ ਬਿ:—੧੮੭੯ ਈ: ਵਾਲੀ ਪਹਲੀ ਛਾਪ ਦੇ ਤ੍ਰਿਤਾਲੀਵੇਂ ਬਿਸਰਾਮ ਵਿਚ ਇਉਂ ਲਿਖਿਆ ਹੈ:–

ਜਬ ਗੁਰ ਦਸਮ ਮਾਲਵੇ ਗਏ,
ਨਗਰ ਅਕੋਈ ਉਤਰਤ ਭਏ ।੩੬।...

ਨਿਜ ਪਿਤ ਬੀਕੇ ਕੇ ਸੰਗ ਆਯੋ,
ਭਾਗ ਉਦੇ ਗੁਰ ਦਰਸਨ ਪਾਯੋ ।...

ਜਬ ਬੀਕਾ ਹਟ ਨਿਜ ਘਰ ਗਯੋ,
ਮਨੀ ਛਪ ਗੁਰ ਕੀ ਢਿਗ ਰਹਯੋ ।



Sri Satguru Jagjit Singh Ji eLibrary NamdhariElibrary@gmail.com

ਔਰ ਭਗਤ ਥੇ ਚਾਰ ਜਾਂਹਿ ਕੇ,
ਬੀਕਾ ਪੂਛਿਯੋ ਸੰਗ ਤਾਂਹਿ ਕੇ ।੩।

੧੯੪੬ ਬਿ:-੧੮੮੯ ਈ: ਵਿੱਚ ਇੱਕੋ ਵੇਲੇ ਲਾਹੌਰ ਤੇ ਅੰਮ੍ਰਿਤਸਰ ਵਿੱਚ 'ਪੰਥ ਪ੍ਰਕਾਸ਼' ਦੇ ਦੋ ਅੱਡ ਅੱਡ ਐਡੀਸ਼ਨ ਛਪੇ । ਲਾਹੌਰ ਤੇ ਅੰਮ੍ਰਿਤਸਰ ਵਾਲੀਆਂ ਦੋਹਾਂ ਛਾਪਾਂ ਅਨੁਸਾਰ ਭਾਈ ਮਨੀ ਸਿੰਘ ਦੇ ਪਿਤਾ ਦਾ ਨਾਮ 'ਕਾਲਾ' ਹੈ ਤੇ ਉਸ ਦੇ ਭਰਾਵਾਂ ਦੀ ਗਿਣਤੀ ਚਹੁੰ ਤੋਂ ਘਟ ਕੇ ਇੱਕ 'ਤੇ ਪਹੁੰਚ ਗਈ ਹੈ, ਜਿਵੇਂ ਕਿ ਹੇਠਲੇ ਉਦਾਹਰਣਾਂ ਤੋਂ ਸਪਸ਼ਟ ਹੈ :

( ੳ ) ਭਲਨ ਕਾ ਪੋਤਾ ਫਿਰ ਕਾਲਾ,
ਭਯ ਬੀਰ-ਬਰ ਬਲੀ ਬਿਸਾਲਾ ।
ਦਸਮ ਗੁਰੂ ਕਾ ਜੋ ਸਿਖ ਥੀਆ,
ਸਭ ਜੰਗਨ ਮੇਂ ਸੰਗ ਰਹੀਆ ।
ਕਾਲੂ ਸਿੰਘ ਨਾਮ ਗੁਰ ਰਾਖਾ,
ਸਤ੍ਰੁਹ ਦੁਤੀ ਭੀਮ ਥੀ ਲਾਖਾ ।
ਦੋਏ ਪੂਤ ਤਾਕੇ ਘਰ ਥਏ,
ਉਭੈ ਓਰ ਸੋ ਅਤਿ ਬਿਦ ਭਏ ।
ਬਡੋ ਨਗਾਹੀਆ ਸਿੰਘ ਬਹਾਦਰ,
ਸੋ ਗ੍ਰਿਸਤੀ ਹੋਯੋ ਬਡ ਨਾਦਰ ।......
ਲਘ ਸੁਤ ਕਾਲੇ ਸਿੰਘ ਥੀ ਜੋਈ,
ਮਨੀ ਸਿੰਘ ਬਿਦ ਤਯੋ ਜਗ ਸੋਈ ।

(ਛਾਪ ਦੂਸਰੀ ਲਾਹੌਰੀ ਪੰਨਾ ੨੭)

( ਅ ) ਸੋਉ ਫਿਰਸਾ ਅਨੰਦ ਅਨੰਦਪੁਰ ਆਯੋ,
ਜਬ ਦਸਮੇਸ਼ ਗੁਰੂ ਪਾਸ, ਖ਼ਾਜਸ ਪ੍ਰਵਾਰ ਹੈ ।
ਪੂਤ ਤਾਹਿਕਾ ਨਗਾਹੀਆ ਬਡੋ ਮਨੀ ਨਾਮ ਲਘਹੁਤੇ,
ਸੰਗ ਭੇਟ ਦਯੋ ਤਨ ਧਨ ਵਾਰ ਹੈ ।
ਦ੍ਵਾਦਸ ਬਰਸ ਕੇਰੋ ਮਨੀ ਤਬ ਹੁਤੋ ਹੇਰੋ,
ਥੀਯੋ ਗੁਰ ਚੇਰੋ ਮਨ ਤਨ ਵਾਰ ਹੈ ।੧੮।......
ਤਬ ਸਤਿਗੁਰ ਯੋ ਬੈਨ ਉਚਾਰੇ,
ਇਸ ਰਹਿਨ ਦਿਹੁ ਪਾਸ ਹਮਾਰੇ ।......



Sri Satguru Jagjit Singh Ji eLibrary NamdhariElibrary@gmail.com

ਸੁਨ ਗੁਰਬਰ ਉਰ ਧਰ ਕਰ ਕਾਲਾ,
ਆਯੋ ਨਿਜ ਘਰ ਤਬੈ ਉਤਾਲਾ।
(ਛਾਪ ਦੂਸਰੀ ਅੰਮ੍ਰਿਤਸਰੀ ਬਿਸਰਾਮ ਤ੍ਰਿਤਾਲੀਸਵੇਂ)

( ੫ )

ਇਸ ਤਰ੍ਹਾਂ ਦੀ ਅਟਕਲ-ਪੱਚੂ, ਆਪ-ਹੁਦਰੀਆਂ ਤੇ ਗੜਬੜ ਭਰੀਆਂ ਸੂਚਨਾਵਾਂ ਅਨੇਕ ਇਤਹਾਸਕ ਗ੍ਰੰਥਾਂ ਵਿੱਚੋਂ ਪੜ੍ਹ ਕੇ, ਮੇਰੇ ਮਨ ਵਿੱਚ ਇਹ ਲਾਲਸਾ ਪੈਦਾ ਹੋਈ ਕਿ ਭਾਈ ਮਨੀ ਸਿੰਘ ਦੇ ਠੀਕ ਪ੍ਰਮਾਣਿਕ ਹਾਲਾਤ ਇਕੱਠੇ ਕੀਤੇ ਜਾਣ। ਮੈਨੂੰ ਅਜ ਆਪ ਦੇ ਸਾਹਮਣੇ ਇਹ ਕਹਿੰਦਿਆਂ ਇਕ ਰੂਹਾਨੀ ਖੁਸ਼ੀ ਮਿਲ ਰਹੀ ਹੈ ਕਿ ਮੈਂ ਆਪਣੀ ਖੋਜ ਵਿੱਚ ਬਹੁਤ ਹਦ ਤਕ ਸਫਲ ਰਹਿਆ ਹਾਂ। ਤੇ ਸ਼ਾਇਦ ਪਹਲੀ ਵਾਰੀ ਇਤਿਹਾਸਕਾਰਾਂ ਤੇ ਸਾਹਿੱਤਕਾਰਾਂ ਦੇ ਸਾਹਮਣੇ ਇੱਕ ਐਸੇ ਦੁਰਲੱਭ ਤੇ ਅਮੁੱਲ ਸੋਮੇ ਉਤੋਂ ਪਰਦਾ ਲਾਹ ਰਹਿਆ ਹਾਂ ਜਿਸ ਦੀ ਗਵਾਹੀ ਸ਼ੱਕ ਸ਼ੁਭੇ ਤੋਂ ਉੱਪਰ ਤੇ ਜਿਸ ਦੀ ਪ੍ਰਾਮਾਣਿਕਤਾ ਸੰਸੇ ਰਹਿਤ ਹੈ। ਮੇਰਾ ਇਸ਼ਾਰਾ ਭੱਟਾਂ ਤੇ ਪਾਂਡਿਆਂ ਦੀਆਂ ਵਹੀਆਂ ਵੱਲ ਹੈ। ਮੇਰੀ ਖੁਸ਼-ਕਿਸਮਤੀ ਸੀ ਕਿ ਭੱਟਾਂ ਤੇ ਪਾਂਡਿਆਂ ਨੇ ਆਪਣੀਆਂ ਪੋਥੀਆਂ ਫਰੋਲਣ ਦੀ ਖੁਲ੍ਹ ਬਖਸ਼ੀ, ਜਿਸ ਕਰ ਕੇ ਦਿਲੋਂ ਮਨੋਂ ਧੰਨਵਾਦੀ ਹਾਂ। ਇਸ ਗੱਲੇ ਭੀ ਆਪਣੇ ਆਪ ਨੂੰ ਸੁਭਾਗਾ ਸਮਝਦਾ ਹਾਂ ਕਿ ਉਨ੍ਹਾਂ ਦੀਆਂ ਵਹੀਆਂ ਵਿੱਚੋਂ ਬੜੀ ਵਾਕਫੀ ਪ੍ਰਾਪਤ ਹੁੰਦੀ ਗਈ।

ਮੈਂ ਜਤਨ ਕੀਤਾ ਹੈ ਕਿ ਆਪਣੇ ਇਸ ਲੇਖ ਦੀ ਹਰ ਗੱਲ ਦਾ ਆਧਾਰ ਕਿਸੇ ਪੁਰਾਣੀ ਤੇ ਪ੍ਰਾਮਾਣਿਕ ਲਿਖਤ ਨੂੰ ਬਣਾਵਾਂ ਤੇ ਸੁਣੀ ਸੁਣਾਈ ਜਾਂ ਨਿਰੋਲ ਰਵਾਇਤੀ ਮਨੌਤ ਦੇ ਪਿਛੇ ਨਾ ਲਗਾਂ।

( ੬ )

ਭਾਈ ਮਨੀ ਸਿੰਘ ਸ਼ਹੀਦ ਦਾ ਪਿੱਛਾ ਖਾਨ ਦੇਸ਼ ਦੇ ਇਲਾਕੇ ਦਾ ਸੀ, ਜਿਥੋਂ ਕਿਸੇ ਸਮੇਂ ਉਨ੍ਹਾਂ ਦੇ ਵਡੱਕੇ ਹਿਮਾਂਚਲ ਪ੍ਰਦੇਸ਼ ਦੇ ਨਗਰ ਨਾਹਨ ਵਿੱਚ ਆ ਟਿਕੇ ਸਨ। ਜੀਂਦ ਦੇ ਪਰਗਣੇ, ਤਲਉਢੇ ਦੇ ਭੱਟਾਂ ਦੀ ਵਹੀ ਵਿੱਚ ਸੰਮਤ ੧੪੯੦ ਬਿ: (੧੫੩੩ ਈ:) ਦੀ ਯਾਦ-ਦਾਸ਼ਤ ਇਸ ਤਰ੍ਹਾਂ ਦਰਜ ਹੈ :—

'ਰਾਦਾ ਬੇਟਾ ਮਾਲਾ ਕਾ, ਪੋਤਾ ਜਗਨਾ ਕਾ ਪੜਪੋਤਾ ਬੀਂਝੇ ਕਾ ਚੰਦਰ ਬੰਸੀ ਭਾਰਦ੍ਵਾਜੀ ਗੋਤ੍ਰਾ ਪੰਵਾਰ, ਬੰਸ ਮੱਘ ਕਾ, ਮੁਦਾਨੇਂ, ਭੋਜਾਨੇ, ਖਾਨ ਦੇਸ ਬਾਲੇ। ਬਾਸੀ 'ਨਾਹਨ' ਪ੍ਰਗਨਾ



Sri Satguru Jagjit Singh Ji eLibrary NamdhariElibrary@gmail.com

ਸਿਰਮੌਰ ਬਧਾਈ ਕੀ ਬੇਟਾ ਲਖਮਨ ਕੀ ਨਾਹਨ ਕੇ ਮਲਹਾਨ ਏਕ ਘੋਰੋ ਦਾਨ ਕੀਆ ਫਲਗੁਨ ਬਦੀ ਇਕਾਦਸੀ ਸੰਬਤ ੧੪੯੦ ਕੇ ਕੁਲ ਪ੍ਰੋਹਤ 'ਬਨਵਾਰੀ' ਕੋ ਮਾਨਾ। ੧।'

ਇਸੇ ਵਹੀ ਵਿਚ ਸੰਮਤ ੧੫੩੯ ਬਿ: (੧੪੮੨ ਈ:) ਦੀ ਵਧਾਈ ਵਿਚ ਭਾਈ ਮਨੀ ਸਿੰਘ ਦੀ ਬੰਸਾਵਲੀ ਨੂੰ ਕੁਝ ਪੁਸ਼ਤਾਂ ਹੋਰ ਹੇਠਾਂ ਲਿਆਂਦਾ ਗਇਆ ਹੈ ਉਸ ਦੀ ਨਕਲ ਅਸੀਂ ਹੇਠਾਂ ਦੇਂਦੇ ਹਾਂ:—

'ਜਲਾ ਬੇਟਾ ਲਖਮਨ ਕਾ, ਪੋਤਾ ਰਾਦਾ ਕਾ, ਪੜਪੋਤਾ ਮਾਲਾ ਕਾ ਬਾਸੀ ਨਾਹਨ ਪ੍ਰਗਨਾਂ ਸਿਰਮੌਰ, ਮਿਤੀ ਅਸਾਢ ਸੁਦੀ ਪੰਚਮੀਂ ਸੰਬਤ ੧੫੩੯ ਬਧਾਈ ਕੀ ਬੇਟਾ ਹਾਫਾ ਕੀ। ਏਕ ਘੋਰੋ ਦਾਨ ਕੀਆ ਧਰਮ ਭੂਮੀ ਕੁਰਛੇਤ੍ਰ ਕੇ ਮਲਹਾਨ, ਕੁਲ ਪ੍ਰੋਹਤ 'ਹਰਿਜੀ ਕੋ ਮਾਨਾ। ੨।'

ਸੰਮਤ ੧੫੮੨ ਬਿ: (੧੪੨੫ ਈ:) ਦੀ ਵਧਾਈ ਅਨੁਸਾਰ ਬੀਂਝੇ ਦਾ ਖਾਨਦਾਨ 'ਨਾਹਨ' ਵਿੱਚ ਹੀ ਵਸਦਾ ਸੀ:—

'ਬਧਾਈ ਲੀ ਰਾਊ ਕੀ, ਬੇਟਾ ਚਾਹੜ ਕਾ, ਪੋਤਾ ਹਾਫਾ ਕਾ ਪੜਪੋਤਾ ਜੱਲਾ ਕਾ...ਮੁਢਾਨੇਂ ਭੋਜਾਨੇਂ ਬੰਸ ਬੀਂਝੇ ਕਾ ਮਿਤੀ ਅਸਾਢ ਬਦੀ ਇਕਾਦਸੀ ਸੰਬਤ ੧੫੮੨ ਨਾਹਨ ਕੇ ਮਲਹਾਨ ਦੇਸ ਸਿਰਮੌਰ ਮੇਂ ਏਕ ਘੋਰੋ ਦਾਨ ਕੀਆ ਕੁਲ ਪ੍ਰੋਹਤ 'ਨਰਸੀ' ਕੋ ਮਾਨਾ। ੩।'

ਪਰ ਰਾਊ ਦੇ ਪੁਤਰ ਮੂਲੇ ਦੀ ਵਧਾਈ ਵਿੱਚ ਜੋ ਸੰਮਤ ੧੬੦੦ ਬਿ: (੧੫੪੩ ਈ:) ਨੂੰ ਹੋਈ ਇਸ ਪਰਵਾਰ ਦਾ ਪਰਗਨਾ ਮੁਲਤਾਨ ਦੇ ਪਿੰਡ ਅਲੀ ਪੁਰ ਵਿੱਚ ਜਾ ਵਸਣ ਦਾ ਪਤਾ ਦਿਤਾ ਹੈ:—

'ਬਧਾਈ ਲੀ ਮੂਲੇ ਕੀ, ਬੇਟਾ ਰਾਊ ਕਾ, ਪੋਤਾ ਚਾਹੜ ਕਾ, ਪੜਪੋਤਾ ਹਾਫਾ ਕਾ, ... ਪੰਵਾਰ ਬੰਸ ਬੀਂਝੇ ਕਾ ਬੰਝਰਉਤ, ਰਦਉਤ ਜਲਹਾਨਾ ਮਿਤੀ ਸਾਵਨ ਬਦੀ ਦੂਜ ਸੰਬਤ ੧੬੦੦ ਕੋ ਅਲੀਪੁਰ ਕੇ ਮਲਹਾਨ ਪਰਗਨਾ ਮੁਲਤਾਨ ਏਕ ਉੂੰਟ ਏਕ ਘੋਰੋ ਦਾਨ ਕੀਆ ਕੁਲ ਪ੍ਰੋਹਤ 'ਦਰੀਆ' ਕੋ ਮਾਨਾ। ੪।'

ਇਸ ਤਰ੍ਹਾਂ ਸਪਸ਼ਟ ਹੈ, ਕਿ ਖਾਨ ਦੇਸ ਤੋਂ ਉੱਠ ਕੇ ਨਾਹਨ ਵਿੱਚ ਵਸਣ ਵਾਲਾ ਇਹ ਖਾਨਦਾਨ ਸੰਮਤ ੧੫੮੨ ਬਿ: (੧੪੨੫ ਈ:)



Sri Satguru Jagjit Singh Ji eLibrary NamdhariElibrary@gmail.com

ਤੋਂ ਲੈਕੇ ਸੰਮਤ ੧੬੦੦ ਬਿ: (੧੫੪੩ਈ:) ਦੇ ਅੰਦਰ ਅੰਦਰ ਅਲੀਪੁਰ ਜਾ ਵਸਿਆ ਸੀ। ਇਸ ਤੋਂ ਅਗਲੀ ਗਵਾਹੀ ਗੁਰੂ ਗ੍ਰੰਥ ਸਾਹਿਬ ਵਾਲੇ ਭਿਖੇ ਭੱਟ ਦੇ ਭਰਾ ਚੋਖੇ ਦੀ ਹੈ, ਜਿਸ ਦੇ ਸੰਮਤ ੧੬੬੬ ਬਿ: (੧੫੨੯ ਈ:) ਤੇ ਸੰਮਤ ੧੬੯੨ ਬਿ: (੧੬੩੫ ਈ:) ਦੋਹਿਆਂ ਵਿਚ ਇਸ ਖਾਨਦਾਨ ਦੇ ਬਜ਼ੁਰਗਾਂ ਦੇ ਕਾਰਨਾਮਿਆਂ ਦਾ ਖਾਸ ਜ਼ਿਕਰ ਹੈ:—

ਖੰਡੋ ਖੰਡ ਪਛੋੜੀਏ, ਧਰਤੀ ਤੇ ਅਸਮਾਨ।
ਚੰਦਰ ਬੰਸੀ ਰਾਉ ਰਾਊ ਦਾ ਪੋਤਾ,
ਬੱਲੂ ਤੈਨੇਂ ਜਾਨੇਂ ਸਕਲ ਜਹਾਨ।
ਕਲਜੁਗ ਮੇਂ ਠੁਕਰਾਵੀ ਪਾਈ,
ਤੁਮ ਬਡੋ ਸਮ ਪਾਇਆ ਸਨਮਾਨ।
ਤੇਰੇ ਨਾਮ ਥੀਂ ਚੁਗੱਤਾ ਕਾਂਪੇ,
ਕਾਂਪੈ ਕਾਬਲ ਹਿੰਦੁਸਤਾਨ।
ਤੁਮ ਗੌਰੀ ਸੈ ਭਾਗ ਸਿਆਨਾ,
ਰੰਗ ਮਹਲ ਮੇਂ ਮੌਜਾਂ ਮਾਨ।
ਬਿਕਰਮ ਭੋਜ ਸਮ ਕੀਆ ਤਉ ਸਾਕਾ,
ਬੰਗ ਭਰਥਰੀ ਜੋਗ ਕਮਾਇਆ ਆਨ।
ਦਾਨ ਦੀਆ ਤਉ ਦਾਦੇ ਜਗਦੇਵ ਪੰਵਾਰ ਜੈਸਾ,
ਉਦੇ ਦੀਪ ਸਮ ਪਾਇਆ ਗਿਆਨ।
ਜੱਸ ਗਾਊਂ ਤਉ ਬੇਟੇ ਮਾਈਦਾਸ ਕਾ,
ਉਜਲ ਦੀਯੋ ਕਰਰੈ ਕਾ ਦਾਨ।
ਜੱਸ ਜੋੜ ਚੋਖਾ ਭੱਟ ਗਾਵੈ,
ਸਾਲ ਸੋਲਾ ਸੈਸਿਆਸੀਆ ਚੱਕ ਗੁਰੂ ਕੇ ਆ ਮਲਹਾਨ। ੧।
ਜੁਗ ਛੱਤੀ ਤਉ ਆਪੇ ਛੱਨੈ,
ਆਪੇ ਛਤੈ, ਆਪੇ ਸਰਿਸ਼ਟ ਉਪਾਇਆ।
ਰਾਵਨ ਕੰਸ ਉਪਾਏ ਆਪੇ,
ਆਪੇ ਮਾਰ ਖਪਾਇਆ।
ਬੱਲੂ ਤੂੰ ਭਾਰਤ ਤੋਲੇ ਭੀਮ ਯੂੰ-
ਤਉ ਜਾਨੇ ਸ਼ਾਹ ਚੁਗੱਤਾ ਬੇਲ ਤੇਰੀ ਕੋ ਗੁਰੂ ਵਧਾਇਆ।
ਧਾਂਕ ਤੇਰੀ ਦਿਲੀ ਲਗ ਬੱਲੂ
ਤੇਰਾ ਜੋਰ ਸਬਾਇਆ।



Sri Satguru Jagjit Singh Ji eLibrary NamdhariElibrary@gmail.com

ਗੋਲੂ, ਮੋਹਨਾ ਬੰਦ ਛੁਡਾਈ,
ਲਹਿਨੇ ਕਿਆਂ ਕਾ ਮਾਨ ਗਵਾਇਆ।
ਚਢਿਆ ਗੁਰੂ ਪੈ ਜਬੈ ਚੁਗੱਤਾ,
ਮਾਰ ਸਾਂਗ ਤਉ ਮੂੰਡ ਭਵਾਇਆ।
ਮਾਡਨ ਬੇਟਾ 'ਸੁਖਾ' ਭੂਰਾ,
ਗੈਲੋ ਤੁਧੈ ਸੀ ਖੜਗ ਉਠਾਇਆ।
ਖੜੀ ਪੁਕਾਰੇ 'ਸੌਂਧਾ' ਰਾਂਗੜੀ–
ਬੱਲੂ ਤਉ ਮੇਰਾ ਸਿਰ ਮੌੜ ਸਾਮੈ ਜੂਝਾ ਜੱਸ ਜੱਗ ਮੇਂ ਪਾਇਆ।
ਦਾਦੂ, ਜਲਾ, ਮੁਰਤਜਾ ਖਾਂ ਮਾਰੇ,
ਮੂਲੇ ਕਿਆਂ ਕਾ ਭਾਗ ਸਬਾਇਆ।
ਸਪੂਤ ਬੇਟਾ ਤਉ ਗਾਊਂ ਮਾਈਦਾਸ,
ਉਜਲ ਦਾਨ ਕਰਰੈ ਕਾ ਦੀਯੋ ਚੋਖੇ ਭੱਟ ਜੱਸ ਜੋੜ ਸੁਨਾਇਆ।
ਸੋਲਾਂ ਸੈ ਇਕਾਨਮੇਂ ਬੱਲੂ ਜੂਝਿਆ,
ਬੈਸਾਖ ਬਾਨਮੇ ਮੇਂ ਜਸ ਗਾਇਆ।੨।

ਮਾਈ ਦਾਸ ਸ਼ਾਹ ਜਹਾਨ ਕੋ ਮਿਲਿਆ,
ਦੇਖੇ ਹਿੰਦੂ ਮੁਸਲਮਾਨ।
ਮਾਈ ਦਾਸ ਤੇਰੇ ਤੰਬੂ ਗੈਨ ਮੈ ਝੂਲੇਂ,
ਡਿਉਢੀ ਬਾਹਰ ਖੜੇ ਦਰਬਾਨ।
ਅਗੇ ਡੰਡਾ-ਡੰਡਾਰਸ ਖੇਲੇ ਉਮਰੇ ਮਾਰ ਪਿਛਾਂਹ ਕੋ ਪੇਲੇ,
ਛੜੀਆ ਚੋਟ ਕਰੇ ਸੁਲਤਾਨ।
ਪਾਂਚ ਰੋਜ ਮੇਂ ਦਫ਼ਤਰ ਆਇਆ,
ਮੂਲੇ ਕਿਆ ਕਾ ਭਾਗ ਸਬਾਇਆ,
ਰਖਿਆ ਕਾ ਬੀਂਝੇ ਕਾ ਸੁਲਤਾਨ।
ਧੰਨ ਮਾਈ ਦਾਸ ਧਰਮ ਕੀ ਧਰਮਸਾਲ ਬੰਧਾਈ,
ਤੇਰਾ ਲੰਗਰ ਆਬਾ ਦਾਨ।
ਤੇਰੀ ਮਦਦ ਗੁਰੂ ਚੱਕ ਬਾਲਾ ਦੀਆ ਦਾਨ ਲਖਦਾਨ।
ਜੱਸ ਜੋੜ ਚੋਖਾ ਭੱਟ ਗਾਵੈ ਸਾਲ ਸੋਲਾਂ ਸੈ ਬਾਨਮੇਂ,
'ਕਰਤਾਰਪੁਰ' ਕੇ ਮਲਹਾਨ।੩।

ਪ੍ਰਥਮੇ ਸਿਮਰੂ ਓਸ ਕੋ ਜਿਨ ਇਹ ਸਰਿਸ਼ਟ ਰਚਾਈ।
ਨੇਤ ਨੇਤ ਤਉ ਬੇਦ ਕਥਤ ਹੈ, ਇਹ ਈਸਰ ਬੁਧ ਬਤਾਈ।



Sri Satguru Jagjit Singh Ji eLibrary NamdhariElibrary@gmail.com

ਬਰਮ੍ਹਾਂ ਬਿਸ਼ਨ ਮਹੇਸ਼ ਈ, ਬਾਕਬਾਨੀ ਹੋਇ ਸਹਾਈ।
ਲਖ ਅਗਾਸਾ ਪਤਾਲ ਲਖ, ਬਾਬੇ ਨਾਨਕ ਕਿਹ ਅਲਾਈ।
ਅੰਗਦ ਅਮਰ, ਗੁਰ ਰਾਮਦਾਸ,
ਗੁਰ ਅਰਜਨ, ਗੋਬਿੰਦ ਤੈਂ ਸ਼ਰਨਾਈ।
ਪੈਲ੍ਹੀ ਤ੍ਰਿਯਾ ਧਰਤਰੀ ਦਰ ਘੋਰ ਬਰਸਨ ਕੋ ਆਈ।
ਦੂਜੀ ਤ੍ਰਿਯਾ ਰੇਨ ਈ, ਦੁਨੀਆ ਬਹੁ ਬਿਸਰਾਮ ਈ ਪਾਈ।
ਤੀਜੀ ਤ੍ਰਿਯਾ ਪਵਨ ਈ, ਖਿਨ ਆਥੇ ਖਿਨ ਚਲੇ ਸਵਾਈ।
ਚੌਥੀ ਤ੍ਰਿਯਾ ਮੌਤ ਈ, ਜਿਹ ਦੁਨੀਆਂ ਬਹੁਤ ਖਪਾਈ।
ਪਾਂਚਮ ਤ੍ਰਿਯਾ ਨੈਂਤਾ ਮਾਤਾ, ਪਾਂਚ ਫਲ ਮਹਾਂਦੇਵ ਸੇ ਲਿਆਈ।
ਛੱਟੇ ਤ੍ਰਿਯਾ ਦੁਰਗਾ ਮਾਤਾ ਗਿਆਨ ਈ,
ਜਿਹ ਧਉਲਾਗੜ ਬਿਆਈ।
ਸਾਤਮ ਤ੍ਰਿਯਾ ਪਾਗੜੀ,ਸੀਸ ਮਰਦ ਕੇ ਹੈ ਬਡਿਆਈ।
ਆਠਮ ਤ੍ਰਿਯਾ ਕਲਮ ਈ, ਜਿਸੇ ਦੁਨੀਆਂ ਨਿਮੇਂ ਸਬਾਈ।
ਨਾਮੀ ਤ੍ਰਿਯਾ ਗੰਗਾ ਮਾਤਾ, ਜਿਹ ਤੇ ਹਿੰਦੂ ਨੇ ਗੌੜ ਪਾਈ।
ਦਸਮੀਂ ਤ੍ਰਿਯਾ ਮਾਇਆ ਰਾਨੀ,
ਜਿਹ ਦੁਨੀਆਂ ਬਹੁਤ ਭਰਮਾਈ।
ਗਿਆਰਮੀਂ ਤ੍ਰਿਯਾ ਮਲੂਕੀ ਬਾਈ,
ਧੀ ਬੱਲੂ ਪੰਵਾਰ ਕੀ ਜਾਈ।
ਥੀ ਪੋਤੀ ਮੂਲੇ ਬੰਝਰਉਤ ਕੀ,
ਗੈਲੋ 'ਸੁਖੇ' ਮਾਂਡਿਨ ਬੇਟੇ ਬਿਆਈ।
ਮਾਈਦਾਸ, ਮਲੂਕਾ ਰੁੜੀ, ਰੂਪੀਆ,
ਜੈਮਲ, ਬੀਰੀਆ, ਔ ਨੇਤਾਈ।
ਸਾਹੋ, ਸੁੰਦਰ, ਮਾਧੋ, ਰਈਆ,
ਸੁਹੇਲਾ, ਗਾਇਬਾਰਾਂ ਤੇਰੇ ਭਾਈ।
ਸਪੂਤ ਭਧੀਜਾ ਗਾਊਂ ਤਉ ਨਰੀਆ,
ਚਾਰ ਕੂੰਟ ਜਿਹ ਮਿਲੀ ਬਡਿਆਈ।
ਮਲੂਕੀ ਮਿਲੀ ਅਕਬਰ ਬਾਦਸ਼ਾਹ ਸੇ,
ਜਿਹ ਬੇਟੀ ਕਹਿ ਬਿਠਲਾਈ।
ਧੜਾ ਪੰਸੇਰੀ ਕਾਠ ਕੋਰੜਾ,
ਸੋਲਾ ਜਤੀਆਂ ਮੇਂ ਸਨਮਾਨ ਕਰਾਈ।



Sri Satguru Jagjit Singh Ji eLibrary NamdhariElibrary@gmail.com

ਤਾਂਬਾ ਪਤਰ ਊਪ ਤਿਹ,
ਬਾਦਸ਼ਾਹ ਸੇ ਸੁਗੰਧ ਲਿਖਾਈ।
ਨਿਸਾਨ ਨਿਗਾਰਾ ਸੋਲਾ ਜਾਤ ਮੇਂ,
ਮਲਕੀ ਰਾਂਗੜੀ ਲਿਆਈ।
ਅਠਾਰੀਆ ਲਾਬੇ ਮਲੂਕੀ ਬਾਈ,
ਜੱਸ ਤ੍ਰੈ ਲੋਕੀ ਛਾਈ।
ਕੀ ਬਧਾਈ ਬੇਟੇ ਮਖਨੇਂ ਬਿਆਹਿ ਕੀ,
ਬੰਸ ਲਾਖਨ ਕੀ ਬੇਲ ਬਧਾਈ।
ਮਾਲਾਂ ਮੁਹਰੈਂ ਪਾਂਚ ਪਾਂਚ ਕੀ,
ਪਾਂਚੋ ਜੋੜੀ ਭੱਟੋਂ ਕੋ ਪਹਿਨਾਈ।
ਕਰੀ ਕੜਾਹੀ ਗੁਰੂ ਕੀ,
ਮਾਂਡਿਨ ਕਿਆ ਕਾ ਭਾਗ ਸਬਾਈ।
ਜਸ ਜੋੜ ਚੋਖਾ ਭੱਟ ਗਾਵੈ,
ਸਾਲ ਸੋਲਾਂ ਸੈ ਬਾਨਮੇਂ ਆਈ।੪।

(ਭੱਟ ਵਹੀ ਕਰਸਿੰਧੂ ਪ੍ਰਗਨਾਂ ਸਫੀਦੋ)

ਇਨ੍ਹਾਂ ਦੋਹਿਆਂ ਨਾਲ ਅਸੀਂ ਭਾਈ ਮਨੀਂ ਸਿੰਘ ਦੇ ਪਿਤਾ, ਭਾਈ ਮਾਈਦਾਸ ਤਕ ਪਹੁੰਚ ਜਾਂਦੇ ਹਾਂ। ਇਹ ਭੀ ਪਤਾ ਲਗਦਾ ਹੈ ਕਿ ਭਾਈ ਮਨੀ ਸਿੰਘ ਦੀ ਭੂਆ ਅਕਬਰ ਨੂੰ ਮਿਲੀ ਸੀ, ਤੇ ਉਨ੍ਹਾ ਦਾ ਪਿਤਾ ਸ਼ਾਹਜਹਾਨ ਨੂੰ। ਭਾਈ ਮਨੀ ਸਿੰਘ ਬਾਰੇ ਪਹਲਾ ਹਵਾਲਾ ਸੰਮਤ ੧੭੦੧ ਬਿ: (੧੬੪੪ ਈ:) ਵਿਚ ਗੁਰੂ ਗ੍ਰੰਥ ਸਾਹਬ ਵਾਲੇ ਭੱਟ ਕੀਰਤ ਜੀ ਦੇ, ਸਪੁਤ੍ਰ ਬੋਹਿਥ ਨੇ ਮੁਲਤਾਨੀ ਸਿੰਧੀ ਵਹੀ ਵਿੱਚ ਇਸ ਤਰ੍ਹਾਂ ਦਰਜ ਕੀਤਾ ਹੈ :—

'ਬਧਾਈ ਲੀ ਮਨੀ ਰਾਮ ਕੀ ਬੇਟਾ ਮਾਈ ਦਾਸ ਕਾ, ਪੋਤਾ ਬੱਲੂ ਕਾ ਪੜਪੋਤਾ ਮੂਲੇ ਕਾ...ਸੰਬਤ ੧੭੦੧ ਬਰਖੇ ਮਾਹ ਚੇਤ੍ਰ ਸੁਦੀ ਦੁਆਦਸੀ-ਰਵੀਵਾਰ ਸੁਬਵਾਰ ਸੁਬਘੜੀ ਜਨਮ ਹੂਆ ਕੁਲ ਪ੍ਰੋਹਤ 'ਬੋਹਿਥ' ਭੱਟ ਕੋ ਮਾਨਾਂ ਗੁਰੂ ਕੀ ਕੜਾਹੀ ਕੀ।'

ਇਸ ਤਰ੍ਹਾਂ ਅਕੱਟ ਹਵਾਲਿਆਂ ਦੇ ਆਧਾਰ ਤੇ, ਭਾਈ ਮਨੀ ਸਿੰਘ ਦਾ ਜਨਮ ਚੰਦਰ ਬੰਸੀ ਭਾਰਦ੍ਵਾਜੀ ਪੰਵਾਰ ਗੋਤ ਦੇ ਰਾਜਪੂਤ ਭਾਈ ਮਾਈ ਦਾਸ ਦੇ ਘਰ ੧੩ ਚੇਤਰ ਸੁਦੀ ਦੁਆਦਸੀ ਐਤਵਾਰ ਵਾਲੇ ਦਿਨ ਸੰਮਤ



Sri Satguru Jagjit Singh Ji eLibrary NamdhariElibrary@gmail.com

੧੭੦੧ ਬਿ:* (੧੦ ਮਾਰਚ ੧੬੪੪ ਈ:) ਨੂੰ ਮਾਤਾ ਮਧਰੀ ਬਾਈ ਦੇ ਉਦਰ ਤੋਂ ਪਿੰਡ ਅਲੀਪੁਰ ਵਿਚ ਹੋਇਆ। ਜੇਹੜਾ ਅੱਜ ਕਲ ਜ਼ਿਲਾ ਮੁਜ਼ਫ਼ਰਗੜ੍ਹ (ਪੱਛਮੀ ਪੰਜਾਬ, ਪਾਕਿਸਤਾਨ) ਵਿੱਚ ਹੈ। ਇਸੇ ਵਾਕਫ਼ੀ ਦੀ ਪ੍ਰੋੜਤਾ ਕੀਰਤ ਭੱਟ ਦੀ ਔਲਾਦ ਵਿੱਚੋਂ ਛੇਵੀਂ ਥਾਂ ਤੇ ਆਉਣ ਵਾਲੇ ਭੱਟ ਸੇਵਾ ਸਿੰਘ ਦੇ ਸੰਮਤ ੧੮੨੪-੨੫ ਬਿ: (੧੭੬੭-੬੮ ਈ:) ਦੇ ਰਚੇ 'ਸ਼ਹੀਦ ਬਿਲਾਸ' ਵਿੱਚੋਂ ਹੁੰਦੀ ਹੈ। ਜੋ ਉਸ ਦੇ ਖਾਨਦਾਨ ਦੇ ਭੱਟਾਂ ਪਾਸ ਅੱਜ ਤੱਕ ਸੁਰਖਿਅਤ ਹੈ। ਅਸੀਂ ਇਸ ਸ਼ਹੀਦ ਬਿਲਾਸ ਦਾ ਸੰਪਾਦਨ ਭੀ ਕਰ ਦਿਤਾ ਹੈ। ਜਿਸ ਨੂੰ ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ, ਪ੍ਰਕਾਸ਼ਿਤ ਕਰ ਰਹੀ ਹੈ, ਇਸ ਵਿੱਚ ਲਿਖਿਆ ਹੈ :—

ਸਤ੍ਰਾਂ ਸੈ ਇੱਕ ਬੀਤਯੋ ਸੰਮਤ ਬਿਕ੍ਰਮ ਰਾਇ।
ਚੇਤ ਸੁਦੀ ਥਿੱਤ ਦੁਆਦਸੀ, ਰਵੀਵਾਰ ਦਿਨ ਥਾਇ। ੯।
ਮਧਰੀ ਥੀਂ ਕੁਖੋਂ ਭਯੋ ਮਨੀ ਸਿੰਘ ਬੁਧਿਮਾਨ।
ਗਾਥਾ ਆਗੇ ਕੀ ਕਥੂੰ ਜਥਾ ਬੁਧ ਬਲ ਗਿਆਨ। ੧੦।

'ਸ਼ਹੀਦ ਬਿਲਾਸ' ਅਨੁਸਾਰ ਭਾਈ ਮਾਈ ਦਾਸ ਦੇ ੧੨ ਪੁਤ੍ਰ ਸਨ, ਜੇਠਾ, ਦਿਆਲ ਦਾਸ, ਮਨੀ ਰਾਮ, ਦੁਨੀ ਚੰਦ (ਦਾਨਾਂ), ਮਾਨਾਂ, ਅਮਰ ਚੰਦ, ਰੂਪਾ, ਜਗਤੂ, ਸੋਹਣਾ, ਲਹਣਾ, ਰਾਇ ਤੇ ਹਰੀ ਚੰਦ। ਤਲਉਢਾ, ਕਰਸਿੰਧੂ, ਮੁਲਤਾਨੀ, ਸਿੰਧੀ, ਭਾਦਸੋਂ ਆਦਿ ਦੀਆਂ ਸਭ ਭੱਟ ਵਹੀਆਂ ਤੇ ਹਰਿਦੁਆਰ ਦੀ ਪੰਡਾ ਵਹੀ ਵਿੱਚ ਇਹੀ ਬਾਰਾਂ ਨਾਉਂ ਆਉਂਦੇ ਹਨ। ਇਸ ਲਈ ਇਸ ਵਾਕਫੀ ਉੱਤੇ ਸ਼ੱਕ ਕਰਨ ਦੀ ਕੋਈ ਗੁੰਜਾਇਸ਼ ਨਹੀਂ। ਭਾਈ ਮਨੀ ਰਾਮ ਦਾ ਭਰਾ ਦਿਆਲ ਦਾਸ ਹੈ ਜੇਹੜਾ ਗੁਰੂ ਤੇਗ਼ ਬਹਾਦਰ ਸਾਹਿਬ ਦੇ ਨਾਲ ਗ੍ਰਿਫਤਾਰ ਹੋਇਆ ਤੇ ਦੇਗੇ ਵਿੱਚ ਉਬਾਲ ਕੇ ਸ਼ਹੀਦ ਕੀਤਾ ਗਇਆ। ਇਨ੍ਹਾਂ ਦੇ ਇਕ ਭਰਾ ਅਮਰ ਚੰਦ ਨੂੰ ਛੱਡ ਕ

---

* (੧) ਸ: ਕਰਮ ਸਿੰਘ ਗੰਗਾ ਵਾਲੇ ਨੇ "ਸ਼ਹੀਦ ਭਾਈ ਮਨੀ ਸਿੰਘ" ਦੇ ਪੰਨਾ ੧੧ ਤੇ ਭਾਈ ਸਾਹਬ ਦਾ ਜਨਮ ੧੪ ਮਾਘ ਸੰਮਤ ੧੭੨੬ ਬਿ: ਨੂੰ ਹੋਇਆ ਮੰਨਿਆ ਹੈ। (੨) ਸ: ਪਿਆਰਾ ਸਿੰਘ 'ਪਦਮ' ਨੇ ਜੀਵਨ ਸੰਦੇਸ ਮਈ ੧੯੫੧ ਵਿਚ ੧੩ ਮਾਘ ੧੭੨੬ ਬਿ: ਹੀ ਲਿਖਿਆ ਹੈ। (੩) ਗਿ: ਆਤਮਾ ਸਿੰਘ "ਸ਼ਹੀਦ ਭਾਈ ਮਨੀ ਸਿੰਘ" ਵਿਚ ੨੪ ਮਾਘ ਸੰਮਤ ੧੭੨੮ ਬਿ: ਦੱਸਿਆ ਹੈ। (੪) ਗਿ: ਠਾਕਰ ਸਿੰਘ ਨੇ ਸ੍ਰੀ ਗੁਰਦਵਾਰੇ ਦਰਸ਼ਨ ਵਿੱਚ ੨੪ ਮਾਘ ਸੰਮਤ ੧੭੪੧ ਬਿ: ਦਾ ਜਨਮ ਲਿਖਿਆ ਹੈ।



Sri Satguru Jagjit Singh Ji eLibrary NamdhariElibrary@gmail.com

ਬਾਕੀ ਦੇ ਸਾਰੇ ਦੇ ਸਾਰੇ ਭਰਾਵਾਂ ਦਾ ਗੁਰੂ ਗੋਬਿੰਦ ਸਿੰਘ ਦੇ ਸਮੇ ਜਾ ਉਨ੍ਹਾਂ ਤੋਂ ਪਿਛੋਂ ਜੰਗਾਂ ਜੁੱਧਾਂ ਵਿੱਚ ਸ਼ਹੀਦ ਹੋ ਜਾਣਾ ਸਾਬਤ ਹੁੰਦਾ ਹੈ।

ਭਾਈ ਮਨੀ ਰਾਮ ਦਾ ਗੁਰੂ ਘਰ ਨਾਲ ਸਿੱਧਾ ਸੰਬੰਧ ਸੰਮਤ ੧੭੧੪ ਬਿ: (੧੬੫੭ ਈ:) ਵਿੱਚ ਪਇਆ। ਓਦੋਂ ਇਨ੍ਹਾਂ ਦੀ ਉਮਰ ੧੩ ਵਰ੍ਹੇ ਦੀ ਸੀ। ਉਹ ਆਪਣੇ ਪਿਤਾ ਦੇ ਨਾਲ ਕੀਰਤਪੁਰ ਵਿੱਚ ਗੁਰੂ ਹਰਿ ਰਾਇ ਸਾਹਬ ਦੇ ਦਰਸ਼ਨਾਂ ਲਈ ਪਹੁੰਚਿਆ। ਮਲੂਮ ਹੁੰਦਾ ਹੈ ਕਿ ਗੁਰੂ ਸਾਹਬ ਨੂੰ ਇਹ ਹੋਣਹਾਰ ਬਾਲਾ ਬੜਾ ਜਚਿਆ ਤੇ ਉਨ੍ਹਾਂ ਇਸ ਨੂੰ ਆਪਣੇ ਕੋਲ ਲੰਗਰ ਦੀ ਸੇਵਾ ਲਈ ਰੱਖ ਲਇਆ। ਉਸ ਦਾ ਪਿਤਾ ਉਸ ਨੂੰ ਕੀਰਤਪੁਰ ਛੱਡ ਕੇ ਆਪ ਅਲੀਪੁਰ ਮੁੜ ਗਇਆ। ਸ਼ਹੀਦ ਬਿਲਾਸ ਅਨੁਸਾਰ ਭਾਈ ਮਨੀ ਰਾਮ ਨੂੰ ਕੀਰਤ ਪੁਰ ਵਿੱਚ ਸੇਵਾ ਕਰਦਿਆਂ ਦੋ ਸਾਲ ਹੀ ਲੰਘੇ ਸਨ, ਕਿ ਉਸ ਦਾ ਪਿਤਾ ਉਸ ਨੂੰ ਵਿਆਹੁਣ ਲਈ ਆਪਣੇ ਨਾਲ ਲੈ ਗਇਆ। ਭਾਈ ਮਨੀ ਰਾਮ ਦਾ ਵਿਆਹ ਹਾੜ ਦੀ ਪੂਰਨਮਾਸ਼ੀ ਵਾਲੇ ਦਿਨ ਖ਼ੈਰਪੁਰ ਸਾਦਾਤ (ਸੱਯਦਾਤ) ਜ਼ਿਲਾ ਮੁਜ਼ਫ਼ਰਗੜ੍ਹ ਭਾਈ ਲਖੀਏ ਦੀ ਲੜਕੀ ਸੀਤੋ ਬਾਈ ਨਾਲ ਹੋਇਆ। ਕੁਝ ਚਿਰ ਆਪਣੇ ਪਿੰਡ ਰਹ ਕੇ ਭਾਈ ਮਨੀ ਰਾਮ ਕੀਰਤਪੁਰ ਜਾ ਪਹੁੰਚਿਆ। ਸੰਮਤ ੧੭੧੮ ਬਿ: (੧੬੬੧ ਈ:) ਨੂੰ ਗੁਰੂ ਹਰਿ ਰਾਇ ਸਾਹਬ ਜੋਤੀ ਜੋਤ ਸਮਾ ਗਏ। ਭਾਈ ਮਨੀ ਰਾਮ ਦੀ ਆਯੂ ਉਸ ਵੇਲੇ ਕੁਲ ੧੭ ਸਾਲ ਦੀ ਸੀ, ਪਰ ਉਸ ਦੀ ਅਹਮੀਅਤ ਇਸ ਗੱਲ ਤੋਂ ਜਾਣੀ ਜਾ ਸਕਦੀ ਹੈ, ਕਿ ਉਹ ਗੁਰੂ ਹਰਿ ਕ੍ਰਿਸ਼ਨ ਸਾਹਬ ਦੇ ਨਾਲ ਦਿੱਲੀ ਜਾਣ ਵਾਲੇ ਸਿੱਖਾਂ ਵਿੱਚ ਸ਼ਾਮਿਲ ਸੀ, ਤੇ ਜਦੋਂ ਅਠਵੇਂ ਪਾਤਸ਼ਾਹ ਜੋਤੀ ਜੋਤ ਸਮਾਏ ਤਾਂ ਭਾਈ ਮਨੀ ਰਾਮ ਸਤਿਗੁਰਾਂ ਦੀ ਮਾਤਾ ਨਾਲ ਸੰਮਤ ੧੭੨੧ ਬਿ: (੧੬੬੪ ਈ:) ਨੂੰ ਬਾਬੇ ਬਕਾਲੇ ਪਹੁੰਚਿਆ। ਉਥੇ ਕੁਝ ਚਿਰ ਰਹ ਕੇ ਫਿਰ ਆਪਣੇ ਪਿੰਡ ਅਲੀਪੁਰ ਪਹੁੰਚ ਗਇਆ। ਸੰਮਤ ੧੭੨੯ ਬਿ: (੧੬੭੨ ਈ:) ਵਿੱਚ ਭਾਈ ਮਨੀ ਰਾਮ ਦਾ ਪਰਵਾਰ ਸਮੇਤ ਅਨੰਦਪੁਰ ਆਉਣਾ ਫੇਰ ਲਿਖਿਆ ਮਿਲਦਾ ਹੈ। ੧੭੩੨ ਬਿ: (੧੬੭੫ ਈ:) ਵਿੱਚ ਗੁਰੂ ਤੇਗ਼ ਬਹਾਦਰ ਸਾਹਬ ਦੀ ਸ਼ਹੀਦੀ ਹੋਈ, ਭਾਈ ਮਨੀ ਰਾਮ ਉਸ ਵੇਲੇ ਅਨੰਦਪੁਰ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿੱਚ ਤੱਤਪਰ ਸੀ। ੧੩ ਸਾਲ ਦੀ ਉਮਰ ਵਿੱਚ ਗੁਰੂ ਹਰਿਰਾਇ ਸਾਹਬ ਦੇ ਭਾਂਡੇ ਮਾਂਜਣ ਵਾਲਾ ਜਵਾਨ ਭਾਈ ਮਨੀ ਰਾਮ ੩੫ ਸਾਲ ਦੀ ਉਮਰ ਵਿੱਚ ਪੜ੍ਹਨ ਪੜ੍ਹਾਉਣ ਤੇ ਲਿਖਣ ਲਿਖਾਉਣ ਵਾਲਾ ਇੱਕ ਵਿਦਵਾਨ ਬਣ ਕੇ ਸਾਹਮਣੇ ਆਉਂਦਾ ਹੈ। ਸੇਵਾ ਸਿੰਘ ਕ੍ਰਿਤ



Sri Satguru Jagjit Singh Ji eLibrary NamdhariElibrary@gmail.com

'ਸ਼ਹੀਦ ਬਿਲਾਸ' ਵਿੱਚ ਇਉਂ ਲਿਖਿਆ ਹੈ :—

ਆਯੂ ਪੈਂਤੀ ਬਰਖ ਕੀ ਮਨੀ ਸਿੰਘ ਕੀ ਆਹਿ ।
ਲਿਖੇ ਲਿਖਾਏ ਪੋਥੀਆਂ ਮਨ ਮਹਿ ਬਹੁ ਉਤਸਾਹਿ ।੪੦।

ਕਬਿਤ– ਸੇਵਾ ਸੀ ਕਰੰਤ ਤੇ ਰਹੰਤ ਗੁਰਾਂ ਪਾਸ ਸਦਾ,
ਲਿਖ ਲਿਖ ਬਾਣੀ ਕਰੇ ਪੋਥੀਆਂ ਤਿਆਰ ਇਹ ।
ਪੜਦਾ ਪੜਾਂਦਾ ਤੇ ਜਤਾਂਦਾ ਨਹੀਂ ਆਪ ਤਾਈਂ
ਮਨ ਨੀਵੀ ਮੱਤ ਉੱਚੀ ਇਹੋ ਹੀ ਏ ਧਾਰ ਇਹ ।
ਹਠੀ ਤੱਪੀ ਪੂਰਾ ਸਿਖੀ ਸਿਦਕ ਦਾ ਪੁਤਲਾ ਸੀ,
ਸਾਖੀਆਂ ਸਿਦਕ ਦੀਆਂ ਕਰਦਾ ਉਚਾਰ ਇਹ ।
ਸੇਵਾ ਹਰੀ ਇਮੇ ਕਿਮੇ ਬੀਤ ਗਏ ਬਰਖ ਕਈ,
ਜੁਧ ਦੇ ਕਰਨ ਵਿਚ ਬੜਾ ਹੁਸ਼ਿਆਰ ਇਹ ।੪੧।

ਭਾਈ ਮਨੀ ਰਾਮ ਇਸ ਸਮੇ ਗੁਰੂ ਸਾਹਬ ਦਾ ਨਿਕਟ-ਵਰਤੀ ਬਣ ਚੁਕਾ ਪ੍ਰਤੀਤ ਹੁੰਦਾ ਹੈ, ਕਿਉਂਕਿ ਗੁਰੂ ਸਾਹਬ ਜਦੋਂ ਪਉਂਟੇ ਗਏ ਤਾਂ ਭਾਈ ਮਨੀ ਰਾਮ ਨੂੰ ਭੀ ਨਾਲ ਲੈ ਗਏ। ਓਥੇ ਗੁਰੂ ਸਾਹਬ ਕਵੀ-ਦਰਬਾਰ ਲਾਉਂਦੇ ਹੁੰਦੇ ਸਨ। 'ਸ਼ਹੀਦ ਬਿਲਾਸ' ਅਨੁਸਾਰ ਭਾਈ ਮਨੀ ਰਾਮ ਭੀ ੫੨ ਕਵੀਆਂ ਵਿੱਚ ਸ਼ਾਮਿਲ ਸੀ :—

ਬਾਵਨ ਕਵੀ ਗੁਰੂ ਢਿਗ ਰਹੇ ।
ਮਨੀਆ ਉਨ ਮਹਿ ਗੁਨੀਆ ਅਹੇ ।੪੭। ......

ਗਿ: ਗਿਆਨ ਸਿੰਘ ਜੀ ਭਾਈ ਮਨੀ ਸਿੰਘ ਦੇ ਕਵੀ ਹੋਣ ਦੀ ਪ੍ਰੋੜ੍ਹਤਾ ਕਰਦੇ ਹਨ, ਪਰ ਸਾਨੂੰ ਅਜੇ ਤਕ ਭਾਈ ਮਨੀ ਸਿੰਘ ਦੀ ਕਵਿਤਾ ਦਾ ਕੋਈ ਨਮੂਨਾ ਨਹੀਂ ਮਿਲਿਆ। ਭਾਦਰੋ ਸੁਦੀ ਅੱਠ ਸੰਮਤ ੧੭੪੪ ਬਿ: (੧੬੮੭ ਈ:) ਨੂੰ ਨਗਰ ਖੁਰਵਧੀ (ਨਵਾਂ ਨਾਂ ਡੇਹਰਾਦੂਨ) ਵਿੱਚ ਬਾਬਾ ਰਾਮ ਰਾਇ ਦੀ ਮ੍ਰਿਤੂ ਹੋ ਗਈ ਤੇ ਉਨ੍ਹਾਂ ਦੀ ਸੁਪੱਤਨੀ ਪੰਜਾਬ ਕੌਰ ਵਲੋਂ, ਗੁਰੂ ਸਾਹਬ ਨੂੰ ਸਤਾਰਵੀਂ ਦੇ ਮੌਕੇ ਉਤੇ ਪਹੁੰਚਣ ਦਾ ਪੱਤ੍ਰ ਮਿਲਿਆ। ਗੁਰੂ ਸਾਹਿਬ ਭਾਈ ਮਨੀ ਰਾਮ ਨੂੰ ਭੀ ਨਾਲ ਲੈ ਗਏ। ਅਗਲੇ ਸਾਲ ਬਾਬਾ ਰਾਮਰਾਇ ਦੀ ਬਰਸੀ ਉਤੇ ਗੁਰੂ ਸਾਹਬ ਨੂੰ ਫੇਰ ਸੱਦਾ ਆਇਆ, ਤਾਂ ਉਨ੍ਹਾਂ ਨੇ ਭਾਈ ਮਨੀ ਰਾਮ ਤੇ ਉਸ ਵਰਗੇ ੪੯ ਹੋਰ ਜੋਧੇ ਖੁਰਵਧੀ ਭੇਜੇ। ਓਥੇ ਰਾਮ ਰਾਈਆਂ ਦੇ ਇਕ ਸਾਧੂ ਗੁਰਬਖਸ ਨੇ ਗੁਰੂ ਸਾਹਬ ਦੀ ਸ਼ਾਨ ਵਿੱਚ ਕੁਝ ਕਬੋਲ ਬੋਲੇ ਤਾਂ ਭਾਈ ਮਨੀ ਰਾਮ ਪਾਸੋਂ ਰਹਿਆ ਨਾ ਗਇਆ, ਉਸ ਨੇ ਗੁਰਬਖਸ਼ ਨੂੰ



Sri Satguru Jagjit Singh Ji eLibrary NamdhariElibrary@gmail.com

ਤਖਤਪੋਸ਼ ਤੋਂ ਚੁੱਕ ਕੇ ਥੱਲੇ ਦੇ ਮਾਰਿਆ।

ਖੁਰਵਧੀ ਤੋਂ ਮੁੜਿਆਂ ਗਿਣਤੀ ਦੇ ਦਿਨ ਹੀ ਲੰਘੇ ਸਨ ਕਿ ਭੰਗਾਣੀ ਦਾ ਜੁਧ ਆ ਪਇਆ ਜਿਸ ਵਿੱਚ ਭਾਈ ਮਨੀ ਰਾਮ ਜਾਨ ਹੂਲ ਕੇ ਲੜਿਆ। ਪਉਂਟੇ ਤੋਂ ਵਾਪਸ ਅਨੰਦਪੁਰ ਆ ਕੇ ਅਜੇ ਦੋ ਸਾਲ ਆਰਾਮ ਦੇ ਲੰਘੇ ਸਨ ਕਿ ਨਦੌਣ ਦੀ ਲੜਾਈ ਆ ਪਈ। ਗੁਰੂ ਸਾਹਬ ਜੇਹੜੇ ਚੋਣਵੇਂ ਜੋਧਿਆਂ ਨੂੰ ਆਪਣੇ ਨਾਲ ਲੈ ਗਏ, ਉਨ੍ਹਾਂ ਵਿੱਚ ਭਾਈ ਮਨੀ ਰਾਮ ਭੀ ਸ਼ਾਮਿਲ ਸੀ। ਭੱਟ ਵਹੀ ਕਰਸਿੰਧੂ ਵਿੱਚ ਦੇਸੂ ਭੱਟ ਦਾ ਸੰਮਤ ੧੭੫੦ ਬਿ: (੧੬੯੩ ਈ:) ਵਿੱਚ ਵਧਾਈ ਸਮੇਂ ਕਹਿਆ ਦੋਹਾ ਇਸ ਦੀ ਸਾਖ ਭਰਦਾ ਹੈ। ਇਸ ਦੀਆਂ ਕੁੱਝ ਤੁਕਾਂ ਇਉਂ ਹਨ :—

ਸਿਮਰ ਭੱਟ ਤਉ ਸਤਿਗੁਰ ਅਪਨਾ,
ਤਉ ਗਿਆਨ ਬਤਾਵੈ ਸੱਚਾ।
ਤਉ ਦੇਖਾ ਪੰਵਰ ਬੀਂਝੇ ਕਾ ਅਧਰਾਕਨ,
ਤਉ ਦੇਖਾ ਰੱਜਪੂਤੀ ਕਾ ਨੱਕਾ।
ਦਿਲੀ ਲਗ ਧਾਂਕ ਸੁਨੀ ਤੇਰੀ ਬੱਲੂ,
ਤਉ ਜਾਨੇ ਸ਼ਾਹ ਚੁਗੱਤਾ।
ਸਪੂਤ ਪੋਤਾ ਤਉ ਗਾਉਂ ਮਨੀ ਰਾਮ,
ਰੋਸ਼ਨ ਬੰਸ ਜਲੇ ਦਾ ਕਿਤਾ।
ਪੈਲੂਾਂ ਹੇਠ 'ਭੰਗਾਨੀ' ਮਾਰੀ,
ਰਾਨਾ ਘਾਲ ਕੀਆ ਰਨ ਜਿੱਤਾ।
ਸਾਕਾ ਕੀਆ 'ਨਦਾਬਨ' ਤੇਂ ਨੇ,
ਘਾਲਿਆ ਰਾਨਾ ਬੀਚ ਪਰਬੱਤਾ।
ਘੋੜੇ ਬੀਸ ਪਚਾਸ ਗਿਨਤੀ ਕੇ ਆਏ,
ਪੈਦਲ ਆਏ ਬਹੁ ਰੱਜਪੁੱਤਾ।
ਧਨ ਧਨ ਮਾਤਾ ਮੱਧਰੀ ਬਾਈ,
ਤਉ ਜਾਇਆ ਮਨੀ ਰਾਮ ਪੂਤ ਸਪੁੱਤਾ।

ਆਪਣੇ ਸਰੀਰ ਤੇ ਦਿਮਾਗ ਦੇ ਅਨੇਕ ਗੁਣਾਂ ਕਰ ਕੇ, ਭਾਈ ਮਨੀ ਰਾਮ ਗੁਰੂ ਸਾਹਬ ਦੇ ਮਨ ਵਿੱਚ ਆਪਣੇ ਲਈ ਅਜੇਹਾ ਖਾਸ ਥਾਂ ਬਨਾਉਣ ਵਿੱਚ ਸਫਲ ਹੋ ਗਇਆ ਕਿ ਸੰਮਤ ੧੭੪੮ ਬਿ: (੧੬੯੧ ਈ:) ਦੀ ਵੈਸਾਖੀ ਨੂੰ ਸਤਿਗੁਰਾਂ ਨੇ ਉਸ ਨੂੰ ਆਪਣਾ ਦੀਵਾਨ ਸਥਾਪਿਤ ਕਰਨ ਦਾ ਐਲਾਨ ਕਰ ਦਿੱਤਾ।



Sri Satguru Jagjit Singh Ji eLibrary NamdhariElibrary@gmail.com

ਇਸ ਵੇਲੇ ਮਨੀ ਰਾਮ ਦੀ ਉਮਰ ੪੭ ਵਰ੍ਹੇ ਦੀ ਸੀ। ਇਸ ਨਿਯੁਕਤੀ ਦਾ 'ਸ਼ਹੀਦ ਬਿਲਾਸ' ਤੋਂ ਪਤਾ ਲਗਦਾ ਹੈ :—

ਮਨੀਏ ਤੇ ਗੁਰ ਕ੍ਰਿਪਾ ਹੋਈ।
ਸਿਦਕੀ ਸਿੱਖ ਇਸ ਸਮ ਹੈ ਕੋਈ।
ਦਿਵਸ ਬਸੋਆ ਸੰਗਤ ਬੀਚ।
ਗੁਰ ਦੀਵਾਨ ਮਨੀਏ ਕੋ ਕੀਚ... ।੬੫।

ਇਸ ਦੀ ਪੁਸ਼ਟੀ ਹਰਿਦੁਆਰ ਦੇ ਪੰਡਤ ਖੇਮ ਚੰਦ ਦੀ ਵਹੀ ਤੋਂ ਹੋਈ ਹੈ। ਜਿਸ ਵਿੱਚ ਭਾਈ ਮਨੀ ਰਾਮ ਦਾ ਗੁਰੂ ਸਾਹਬ ਨਾਲ ਹਰਿਦੁਆਰ ਪਹੁੰਚਣ ਦਾ ਜ਼ਿਕਰ ਮੌਜੂਦ ਹੈ :—

ਲਿਖਤੰ ਮਨੀ ਰਾਮ ਬੇਟਾ ਨਾਇਕ ਮਾਈ ਦਾਸ ਕਾ, ਪੋਤਾ ਬੱਲੂ ਕਾ ਪੜੋਤਾ ਮੂਲੇ ਕਾ, ਜਤੀਆ ਪੁਆਰ ਬੰਸ ਬੀਂਝੇ ਕਾ ਬੰਝ ਰਉਤ ਜਲਹਾਨਾ ਬਾਸੀ ਅਲੀਪੁਰ ਪਰਗਨਾ ਮੁਲਤਾਨ ਮਿਤੀ ੨ ਚੇਤ ਸੰਬਤ ੧੭੫੧ (੧੬੯੪ ਈ:) ਕੋ ਗੁਰੂ ਗੋਬਿੰਦ ਰਾਇ ਕੇ ਸਾਥ ਦੀਵਾਨ ਹੋ ਕਰ ਗੰਗਾ ਜੀ ਆਏ ਸੁਖ ਦੇ ਇਸਨਾਨ।

ਸੰਮਤ ੧੭੫੬ ਬਿ: (੧੬੯੯ ਈ:) ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਪ੍ਰਚਾਰ ਦੀ ਰਸਮ ਪਹਲੀ ਵਾਰੀ ਅਦਾ ਕੀਤੀ। ਭਾਈ ਮਨੀ ਰਾਮ ਅੰਮ੍ਰਿਤ ਛਕ ਕੇ ਸਿੰਘ ਸਜ ਗਇਆ ਤੇ ਇਸ ਦਾ ਨਾਮ ਮਨੀ ਸਿੰਘ ਹੋਇਆ। ਇਨ੍ਹਾਂ ਦਿਨਾਂ ਵਿੱਚ ਭਾਈ ਮਨੀ ਸਿੰਘ ਅਨੰਦਪੁਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਬ ਦੀ ਕਥਾ ਦੀ ਸੇਵਾ ਭੁਗਤਾਉਂਦੇ ਹੁੰਦੇ ਸਨ। 'ਸ਼ਹੀਦ ਬਿਲਾਸ' ਵਿੱਚ ਇਸ ਦਾ ਜ਼ਿਕਰ ਇਉਂ ਆਇਆ ਹੈ :—

ਕਥਾ ਰੋਜ ਸ੍ਰੀ ਗ੍ਰੰਥ ਕੀ ਸੰਗਤ ਤਾਂਈ ਸੁਨਾਇ।
ਆਨੰਦਪੁਰੇ ਕਛੁ ਸਮਾ ਇਮ ਬੀਤ ਗਯੋ ਥਾਂ ਆਇ। ੭੯।

ਆਪਣੀ ਸ਼ਸਤ੍ਰ ਕੁਸ਼ਲਤਾ ਕਰ ਕੇ ਭਾਈ ਮਨੀ ਸਿੰਘ ਸਮਕਾਲੀਆਂ ਵਿੱਚ ਇਕ ਪਰਮੁਖ ਜੋਧਾ ਮੰਨਿਆ ਜਾਂਦਾ ਸੀ। ਉਸ ਨੂੰ ਗੁਰੂ ਸਾਹਿਬ ਦਾ ਦੀਵਾਨ ਹੋਣ ਦੀ ਹੈਸੀਅਤ ਵਿੱਚ ਅਨੇਕ ਮਾਲੀ, ਸਿਆਸੀ ਤੇ ਪ੍ਰਬੰਧਕ ਮਸਲਿਆਂ ਵਲ ਧਿਆਨ ਦੇਣਾ ਪੈਂਦਾ ਸੀ। ਫਿਰ ਭੀ ਭਾਈ ਸਾਹਬ ਇਤਨਾ ਸਮਾਂ ਕੱਢ ਲੈਂਦੇ ਸਨ, ਕਿ ਉਹ ਗੁਰੂ ਗ੍ਰੰਥ ਸਾਹਬ ਦੇ ਅਰਥਾਂ ਦੇ ਗਿਆਨੀ ਬਣ ਜਾਣ। ਕੀ ਇਸ ਤੋਂ ਭਾਈ ਸਾਹਬ ਦੀ ਸ਼ਖ਼ਸੀਅਤ ਦੇ ਅਨੇਕ ਪੱਖੀ ਦਰਸ਼ਨ ਨਹੀਂ ਹੁੰਦੇ ?

ਗੁਰੂ ਗ੍ਰੰਥ ਸਾਹਬ ਦੀ ਕਥਾ ਨੂੰ ਭਾਈ ਸਾਹਬ ਨੇ ਇੱਕ ਬਾਕਾਇਦਾ



Sri Satguru Jagjit Singh Ji eLibrary NamdhariElibrary@gmail.com

ਹੁਨਰ ਬਣਾਇਆ ਪ੍ਰਤੀਤ ਹੁੰਦਾ ਹੈ, ਇਹ ਤ੍ਰੀਕਾ ਇਤਨਾ ਸਫਲ ਹੋਇਆ ਕਿ ਭਾਈ ਮਨੀ ਸਿੰਘ ਦੇ ਨਾਂ ਤੇ ਗੁਰੂ ਗ੍ਰੰਥ ਸਾਹਬ ਦੀ ਕਥਾ ਦੀ ਇੱਕ ਸੰਪਰ-ਦਾਇ ਪ੍ਰਚਲਿਤ ਹੋਈ। ਜਿਸਨੂੰ 'ਗਯਾਨੀ' ਸੰਪ੍ਰਦਾਇ ਕਹਿਆ ਜਾਂਦਾ ਹੈ। ਨਿਰਮਲੇ ਵਿਦਵਾਨ ਭਾਈ ਮਨੀ ਸਿੰਘ ਨੂੰ ਪਹਲਾ ਮੁਖੀ ਤੇ ਪ੍ਰਾਮਾਣਿਕ ਕਲਾਕਾਰ ਮੰਨਦੇ ਹਨ। ਸਿਖਾਂ ਦੇ ਅਨੇਕਾਂ ਵਿਦਵਾਨਾਂ ਦੀਆਂ ਪਰਣਾਲੀਆਂ ਭਾਈ ਮਨੀ ਸਿੰਘ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਤਕ ਪਹੁੰਚਦੀਆਂ ਹਨ। ਭਾਈ ਸਾਹਬ ਨੂੰ ਇਸੇ ਵਿਦਵਤਾ ਤੇ ਗਿਆਨ ਦਾ ਸਦਕਾ ਗੁਰੂ ਸਾਹਬ ਨੇ ਪ੍ਰਿਥੀ ਚੰਦ ਜੀ ਦੇ ਪੋਤ੍ਰੇ ਹਰਿ ਜੀ ਦੇ ਚਲਾਣੇ ਉਪਰੰਤ, ਅੰਮ੍ਰਿਤ ਸਰੀ ਸਿਖਾਂ ਦੀ ਬੇਨਤੀ ਉਤੇ ਸ੍ਰੀ ਹਰਿਮੰਦਰ ਸਾਹਬ ਦਾ ਗ੍ਰੰਥੀ ਤੇ ਸ੍ਰੀ ਅਕਾਲ ਬੁੰਗੇ ਦਾ ਜਥੇਦਾਰ ਨਿਯੁਕਤ ਕਰ ਕੇ ਭਾਈ ਭੂਪਤ ਸਿੰਘ ਆਦਿ ਪੰਜ ਸਿਖਾਂ ਸਮੇਤ ਸੰਮਤ ੧੭੫੬ ਬਿ: (੧੬੯੯ ਈ:) ਦੀ ਵੈਸਾਖ ਤੋਂ ਉਪਰੰਤ ਸ੍ਰੀ ਅਮ੍ਰਿਤਸਰ ਭੇਜ ਦਿਤਾ।

(ਸ਼ਹੀਦ ਬਿਲਾਸ ਸੇਵਾ ਸਿੰਘ ਕ੍ਰਿਤ : ਪ੍ਰਾਚੀਨ ਪੰਥ ਪ੍ਰਕਾਸ਼
ਰਤਨ ਸਿੰਘ ਭੰਗੂ ਛਾਪ ਤੀਸਰੀ ਪੰਨਾਂ ੪੭-੨੨੩)

ਸੰਮਤ ੧੭੫੭ ਬਿ: (੧੭੦੦ ਈ:) ਵਿਚ ਰਾਜਾ ਕੇਸਰੀ ਚੰਦ ਜਸਵਾਰੀਏ ਨੇ ਜਦੋਂ ਇੱਕ ਮਸਤ ਹਾਥੀ ਨਾਲ ਅਨੰਦ ਪੁਰ ਤੋਂ ਚੜ੍ਹਾਈ ਕੀਤੀ ਤਾਂ ਭਾਈ ਮਨੀ ਸਿੰਘ ਆਪਣੇ ਪੁਤਰਾਂ ਸਮੇਤ ਗੁਰੂ ਸਾਹਬ ਵਲੋਂ ਹੋ ਕੇ ਲੜਿਆ। ਉਸਦੇ ਇੱਕ ਪੁਤਰ ਬਚਿਤ੍ਰ ਸਿੰਘ ਨੇ ਜਿਸਤਰਾਂ ਹਾਥੀ ਦਾ ਮੁਕਾਬਲਾ ਕੀਤਾ, ਤੇ ਉਸਨੂੰ ਪਸਪਾ ਹੋਣ ਤੇ ਮਜਬੂਰ ਕੀਤਾ। ਤੇ ਇੱਕ ਹੋਰ *ਪੁਤ੍ਰ ਉਦੇ ਸਿੰਘ ਨੇ ਜਿਸਤਰਾਂ ਅਜਮੇਰ ਚੰਦ ਕਹਿਲੂਰ ਪਤੀ ਦੇ ਮਾਮੇ ਕੇਸਰਚੰਦ ਦਾ ਸਿਰ ਵੱਢਿਆ ਇੱਕ ਪ੍ਰਸਿਧ ਕਹਾਣੀ ਹੈ।

(ਸਿੰਘ ਸਾਗਰ ਵੀਰ ਸਿੰਘ ਬੱਲ ੧੮੮੪ ਬਿ:
ਗੁਰ ਪ੍ਰਤਾਪ ਸੂਰਜ ਗ੍ਰੰਥ ਰੁਤ ੪ ਅਸੂ ੨੪-੧੯੦੦ ਬਿ:)

* ਭੱਟਾਂ ਦੀਆਂ ਵਹੀਆਂ ਦੇ ਅਨੁਸਾਰ ਭਾਈ ਮਨੀ ਸਿੰਘ ਦੇ ਕੁਲ ੧੦ ਪੁਤ੍ਰ ਸਨ : ਚਿਤ੍ਰ ਸਿੰਘ, ਬਚਿਤ੍ਰ ਸਿੰਘ, ਉਦੇ ਸਿੰਘ, ਅਨਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਗੁਰਬਖਸ਼ ਸਿੰਘ, ਭਗਵਾਨ ਸਿੰਘ, ਬਲਰਾਮ ਸਿੰਘ ਤੇ ਦੇਸਾ ਸਿੰਘ ਰਹਿਤਨਾਮੀਆ।



Sri Satguru Jagjit Singh Ji eLibrary NamdhariElibrary@gmail.com

ਇਸ ਤੋਂ ਮਲੂਮ ਹੁੰਦਾ ਹੈ ਕਿ ਭਾਈ ਮਨੀ ਸਿੰਘ ਤੇ ਉਸ ਦੇ ਪੁਤਰਾਂ ਦੀ ਕਾਰਗੁਜ਼ਾਰੀ ਤੋਂ ਗੁਰੂ ਸਾਹਬ ਨੂੰ ਅਪਾਰ ਤਸੱਲੀ ਤੇ ਖੁਸ਼ੀ ਸੀ ਤੇ ਇਸ ਦੀ ਸਨਦ ਵਜੋਂ ਗੁਰੂ ਜੀ ਨੇ ਸੰ: ੧੭੬੦ ਬਿ: (੧੭੦੩ ਈ:) ਵਿੱਚ ਇਕ ਉਚੇਚਾ ਹੁਕਮਨਾਮਾ ਬਖਸ਼ ਕੇ ਉਨ੍ਹਾਂ ਨੂੰ ਨਿਵਾਜਿਆ। ਇਹ ਹੁਕਮਨਾਮਾ, ਜਿਸ ਦਾ ਜ਼ਿਕਰ 'ਸ਼ਹੀਦ ਬਿਲਾਸ' ਵਿੱਚ ਮੌਜੂਦ ਹੈ, ਦਾਸ ਦੇ ਪਾਸ ਸੁਰੱਖਿਅਤ ਹੈ। ਇਸ ਦੀ ਨਕਲ ਹੇਠਾਂ ਦਰਜ ਹੈ :—

੧ ਓ ਸਤਿਗੁਰ ਪ੍ਰਸਾਦਿ ॥

ਸ੍ਰੀ ਸਤਿਗੁਰੂ ਜੀ ਕੀ ਆਗਯਾ ਹੈ। ਭਾਈ ਬਚਿਤ੍ਰ ਸਿੰਘ ਜੀ। ਭਾਈ ਉਦੇ ਸਿੰਘ ਜੀ। ਭਾਈ ਅਨਿਕ ਸਿੰਘ ਜੀ। ਭਾਈ ਅਜਬ ਸਿੰਘ ਜੀ। ਭਾਈ ਅਜਾਇਬ ਸਿੰਘ ਜੀ। ਇਹ ਇਕ ਮਾਈ ਦਾਸੁ ਵੋਇ 'ਮਨੀ ਸਿੰਘ ਨੂੰ' ਵਾਹਗੁਰੂ ਸਰਮ ਰਖੇਗਾ। ਤੁਸੀ ਮੇਰੇ ਪੁਤ੍ਰ ਫਰਜੰਦਹ ਖਾਨੇਜਾਦ ਹੋ। ਤੁਸਾ ਉਪਰ ਮੇਰੀ ਖੁਸੀ ਹੈ। ਸਭ ਵਰਤਾਰੇ ਕੇ ਤੁਸੀ ਮਹਿਰਮ ਹੋ। ਹੋਰ ਕੌਡੀ ਦਮੜੀ ਪੈਸਾ ਧੇਲਾ ਰੁਪੈਯਾ ਰਛਿਆ ਦਾ। ਜੋ ਅਸਾਨੂੰ ਦੇਹਿਗਾ। ਏਹਿ ਮੇਰੇ ਪੁਤ੍ਰ ਫਰਜੰਦ ਹੈਨਿ। ਸਿਖਾ ਪੁਤਰਾਂ ਦਾ ਵਾਦਾ ਵਲਾ ਹੈ। ਜੋ ਲੋਚ ਕੈ ਸੇਵਾ ਕਰੋਗੇ ਤੁਸਾਡੇ ਸੇਵਾ ਦਰਗਾਹਿ ਥਾਇ ਪਵੈਗੀ। ਤੁਸਾ ਉਪਰ ਵਾਹਿਗੁਰੂ ਰਛਿਆ ਕਰੇਗਾ।

ਸੰਵਤ ੧੭੬੦ ਮਿਤੀ ਕਤਕ ੧

੧੭੬੩ ਬਿ: (੧੭੦੬ ਈ:) ਤਕ ਭਾਈ ਮਨੀ ਸਿੰਘ ਦੇ ਪੰਜ ਬੀਰ ਸਪੁਤ੍ਰ ਬਚਿਤ੍ਰ ਸਿੰਘ, ਉਦੇ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਗੁਰੂ ਸਾਹਬ ਦੇ ਲੇਖੇ ਲੱਗ ਚੁੱਕੇ ਸਨ। ਇਸੇ ਸੰਮਤ ਵਿੱਚ ਦੇਸਾ ਸਿੰਘ ਭੱਟ ਦੀ ਰਚੀ ਵਧਾਈ ਤੋਂ ਇਸ ਗੱਲ ਦਾ ਪਤਾ ਲਗਦਾ ਹੈ :—

ਜਲਹਾਨੇ ਪੰਵਾਰ ਬਾਂਕੇ ਅਲੀਪੁਰ ਕੇ,
ਬੰਝਰਉਤੋਂ ਤਉਸੇ ਕੌਨ ਅੱਰੈ।
ਜਸਵਾਰੀ ਗਾਮ ਕਾਂ ਮਾਰਿਆ ਕੇਸਰੀ, ਹਾਥੀ ਗੈਲ ਲਰੈ।
ਬਚਿੱਤ੍ਰ ਸਿੰਘ ਤੇਰੀ ਬਰਛੀ ਰੋਸ਼ਨ, ਤੇਰੀ ਸਾਂਗ ਝਰਮਲ ਕਰੈ।
ਤੇਰੇ ਨਾਮ ਥੀ ਰਿਪ ਥਰ ਥਰ ਕਾਂਪੈ,
ਤੇਰੀ ਪਰਬਤੀ ਹਲਕ ਪਰੈ।



Sri Satguru Jagjit Singh Ji eLibrary NamdhariElibrary@gmail.com

ਧੰਨ ਮਾਤਾ ਤਉ ਸੀਤੋ ਬਾਈ,
ਤੇਰੇ ਪਾਂਚ ਸਪੂਤ ਰਨੈ ਲਰ ਮਰੈ .
ਬੀਰ ਮਨੀ ਸਿੰਘ ਜਸ ਤਉ ਕਾ ਗਾਉਂ,
ਤੇਰਾ ਨਾਮ ਚਉਂਕੁੰਟੀ ਮੁਖ ਧਰੈ।
ਧੰਨ ਧੰਨ ਦਿਆਲ ਦਾਸ ਜਸ ਤਉ ਕਾ,
ਖੰਡ ਬ੍ਰਹਮੰਡ ਮੂੰਡ ਸਬ ਉੱਚਰੈ।
ਚਾਰ ਬਰਨ ਖੱਟ ਦਰਸ਼ਨ ਸਾਰੇ,
ਰਟਤ ਨਾਮ ਨਿਸ ਬਾਸਰ ਘੱਰੈ।
ਜੱਸ ਜੋੜ 'ਦੇਸਾ ਸਿੰਘ' ਭੱਟ ਭਨਿਆ,
ਸਾਲ ਸਤ੍ਰਾਂ ਸੇ ਤ੍ਰੈਸਠੇ, ਉਜਲ ਦਾਨ ਦੀਯੋ ਗਲ ਜੋਟ ਕਰੱਰੈ।
ਕੀ ਬਧਾਈ ਪੋਤੇ ਭਾਗੂ ਸਿੰਘ ਕੀ,
ਗੁਰੂ ਚੱਕ ਕੇ ਮਲਹਾਨ ਜੇਠ ਠਕਾਨਾ ਚੌਬ ਭਟ ਕਾ ਮੂੰਡ ਭਰੈ।੨।

ਇਹ ਉਹੀ ਸਾਲ ਹੈ ਜਦੋਂ ਗੁਰੂ ਸਾਹਬ ਲਖੀ ਜੰਗਲ ਦੇ ਪ੍ਰਗਣੇ ਨਗਰ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਕੁਝ ਸਮਾ ਠਹਿਰੇ ਸਨ। ਏਥੋਂ ਦਖਣ ਜਾਣ ਤੋਂ ਦਸ ਦਿਨ ਪਹਲੇ ਹੁਕਮਨਾਮੇ ਜਾਰੀ ਕਰ ਕੇ ਆਪਣੇ ਸਿਖਾਂ ਨੂੰ ਬੁਲਾਇਆ। ਉਨ੍ਹਾਂ ਸਿਖਾਂ ਵਿੱਚੋਂ ਇੱਕ ਭਾਈ ਮਨੀ ਸਿੰਘ ਜੀ ਸਨ ਜੋ ਅੰਮ੍ਰਿਤਸਰ ਤੋਂ ਆਏ। ਜਿਵੇਂ ਕਿ 'ਸਾਖੀ ਦਉਰੇ* ਕੀ' ਤੋਂ ਪਤਾ ਲਗਦਾ ਹੈ। ਸਾਬੋ ਕੀ ਤਲਵੰਡੀ ਤੋਂ ਭਾਈ ਸਾਹਬ ਰਾਜਸਥਾਨ ਦੇ ਇੱਕ ਪਿੰਡ ਬਘੌਰ ਤਕ ਗੁਰੂ ਸਾਹਬ ਦੇ ਹਮ ਰਕਾਬ ਰਹੇ ਓਥੋਂ ਅੰਮ੍ਰਿਤਸਰ ਵਾਪਸ ਪਹੁੰਚਣ ਦਾ ਹੁਕਮ ਹੋਇਆ।
(ਸ਼ਹੀਦ ਬਿਲਾਸ ਸੇਵਾ ਸਿੰਘ ਕ੍ਰਿਤ)

ਗੁਰੂ ਸਾਹਬ ਦੇ ਦਖਣ ਦੇਸ ਵਲ ਚਲੇ ਜਾਣ ਉਪਰੰਤ ਸਿੱਖਾਂ ਵਿਚ ਕੁਝ ਉਦਾਸੀ ਛਾ ਗਈ— ਭਾਈ ਸਾਹਬ ਨੇ ਸਿੱਖਾਂ ਵਿੱਚ ਸ਼ਰਧਾ ਭਾਵ ਕਾਇਮ ਰੱਖਣ ਤੇ ਉਨ੍ਹਾਂ ਦੀ ਉਦਾਸੀ ਦੂਰ ਕਰਨ ਦਾ ਢੰਗ ਬਾਬਾਣੀਆਂ—ਕਹਾਣੀਆਂ ਪਾਉਣ ਦਾ ਸੋਚਿਆ। 'ਸ਼ਹੀਦ

---

* ਇਹ ਸਾਧੂ ਦਿਆਲ ਦਾਸ ਉਦਾਸੀ ਕ੍ਰਿਤ ਤੇ ਇਸ ਦੇ ਰਚਨ ਦਾ ਸਮਾਂ ੧੭੯੯ ਬਿ: (੧੭੪੨ ਈ:) ਦੇ ਉਪਰੰਤ ਸਹੀ ਹੁੰਦਾ ਹੈ। ਇਸ ਨੂੰ ਖਾਲਸਾ ਸਮਾਚਾਰ ਵਾਲਿਆਂ ਸੰਨ ੧੯੫੦ ਵਿੱਚ ਛਾਪ ਕੇ ਇਸ ਦਾ ਨਾਮ ਮਾਲਵਾ ਦੇਸ ਰਟਨ ਦੀ ਸਾਖੀ ਪੋਥੀ ਰਖਿਆ ਹੈ।



Sri Satguru Jagjit Singh Ji eLibrary NamdhariElibrary@gmail.com

ਬਿਲਾਸ' ਵਿੱਚ ਲਿਖਿਆ ਹੈ ਕਿ :—

ਦਖਨ ਦਿਸ ਸਤਿਗੁਰ ਗਏ ਸੰਗਤ ਭਈ ਉਦਾਸ।
ਧੀਰਜ ਦੇਵੇ ਮਨੀ ਸਿੰਘ ਰਚ ਸਾਖੀਆਂ ਖਾਸ॥ ੯੯ ॥

ਗੁਰੂ ਸਾਹਿਬ ਦੀ ਮ੍ਰਿਤੂ ਅਚਾਨਕ ੬ ਕਤਕ ਸੁਦੀ ਪੰਚਮੀ ਸੰਮਤ ੧੭੬੫ ਬਿ: (੭ ਅਕਤੂਬਰ ੧੭੦੮ ਈ:) ਨੂੰ ਹੋ ਜਾਣ ਨਾਲ ਸਿੱਖਾਂ ਦੀ ਲਹਰ ਨੂੰ ਸੋਕੇ ਦਾ ਖ਼ਤਰਾ ਸੀ। ਭਾਈ ਮਨੀ ਸਿੰਘ ਨੇ ਸਮੇਂ ਦੀ ਨਜ਼ਾਕਤ ਪਛਾਣਦੇ ਹੋਏ ਸੰਮਤ ੧੭੬੬ ਬਿ: (੨੯ ਮਾਰਚ, ੧੭੦੯ ਈ) ਦੀ ਵੈਸਾਖੀ ਸ੍ਰੀ ਅੰਮ੍ਰਿਤਸਰ ਵਿੱਚ ਮਨਾਉਣ ਲਈ ਦੂਰ ਦੂਰ ਪੱਤਰ ਘਲ ਦਿਤੇ। ਇਹ ਢੰਗ ਜਥੇਬੰਦੀ ਨੂੰ ਮਜ਼ਬੂਤ ਕਰਨ ਦੇ ਖਿਆਲ ਨਾਲ ਅਪਣਾਇਆ ਪ੍ਰਤੀਤ ਹੁੰਦਾ ਹੈ। ਵੈਸਾਖੀ ਦੇ ਸਮੇਂ ਉਤੇ ਅੰਮ੍ਰਿਤਸਰ ਦੇ ਇਕ ਮਹਾਜਨ ਚੂਹੜ ਮਲ ਦੇ ਪੁਤਰ ਰਾਮੂ ਮਲ ਨਾਲ ਸਿਖਾਂ ਦੀ ਇਕ ਟੋਲੀ ਦਾ ਝਗੜਾ ਵਧਦਿਆਂ ਵਧਦਿਆਂ ਕੁਝ ਗੰਭੀਰ ਸੂਰਤ ਅਖ਼ਤਿਆਰ ਕਰ ਗਇਆ—ਤੇ ਜ਼ੋਰ ਲਾਉਣ ਦੇ ਬਾਵਜੂਦ ਇਹ ਧਨਾਢ ਸੁਲਹ ਸਫਾਈ ਲਈ ਤਿਆਰ ਨਾ ਹੋਇਆ। ਓਹ ਪੱਟੀ ਤੋਂ ਆਪਣੇ ਸਬੰਧੀ ਹਰਿ ਸਹਾਇ ਨੂੰ ਚਾੜ ਲਿਆਇਆ। ਇਹ ਹਰਿ ਸਹਾਇ ਪੱਟੀ ਦਾ ਹਾਕਮ ਦਸਿਆ ਜਾਂਦਾ ਹੈ। ਲੜਾਈ ਵਿੱਚ ਹਰਿ ਸਹਾਇ ਮਾਰਿਆ ਗਇਆ। ਇਸ ਝੜਪ ਵਿੱਚ ਭਾਈ ਮਨੀ ਸਿੰਘ ਸ਼ਾਮਿਲ ਸੀ। ਚੂਹੜ ਮਲ ਇਹ ਹੇਠੀ ਸਹਾਰ ਨਾ ਸਕਿਆ ਤੇ ਦਾਦ ਫਰਿਆਦ ਲੈ ਕੇ ਲਾਹੌਰ ਦੇ ਨਾਜ਼ਮ ਅਸਲਮ ਖਾਂ ਨੂੰ ਜਾ ਉਕਸਾਇਆ। ਅਸਲਮ ਖਾਂ ਨੇ ਇਕ ਚੌਧਰੀ ਦੇਵੇ ਨੂੰ ਮੁਲਖਈਏ ਤੇ ਕੁਝ ਫੌਜਾਂ ਨਾਲ ਚੂਹੜ ਮਲ ਦੀ ਸਹਾਇਤਾ ਲਈ ਅੰਮ੍ਰਿਤਸਰ ਭੇਜ ਦਿੱਤਾ। ਇਸ ਲੜਾਈ ਵਿਚ ਸਿੱਖਾਂ ਦੀ ਕਮਾਨ ਭਾਈ ਮਨੀ ਸਿੰਘ ਦੇ ਹੱਥ ਵਿਚ ਸੀ। ਇਸ ਲਈ ਸਿਖਾਂ ਨੇ ਮੁਲਖਈਆ ਨਸਾ ਦਿਤਾ। ਲੋਕਾਂ ਵਿਚ ਇਸ ਲੜਾਈ ਦੀ ਜਿੱਤ ਦਾ ਪ੍ਰਭਾਵ ਕੁਝ ਇਸ ਤਰ੍ਹਾਂ ਦਾ ਪਇਆ, ਜਿਵੇਂ ਸਿੱਖਾਂ ਨੇ ਮੁਗਲੀਆ ਹਕੂਮਤ ਦੇ ਲਾਹੌਰੀ ਨਾਜ਼ਮ ਨੂੰ ਹਾਰ ਦਿਤੀ ਹੁੰਦੀ ਹੈ। ਸਿਖਾਂ ਦੇ ਹੌਸਲੇ ਵਧ ਗਏ, ਤੇ ਉਨ੍ਹਾਂ ਦੇ ਦੋਖੀਆਂ ਦੇ ਛੱਕੇ ਛੁਟ ਗਏ। ਭਾਈ ਮਨੀ ਸਿੰਘ ਨੇ ਝੱਟ ਪੱਟ ਇਸ ਜਿੱਤ ਦਾ ਪੂਰਾ ਲਾਭ ਉਠਾਉਣ ਦਾ ਫੈਸਲਾ ਕਰ ਲਇਆ ਤੇ ਸਿਖਾਂ ਨੂੰ ਮੁਗ਼ਲ ਹਕੂਮਤ ਦਾ ਵਾਰਿਸ ਬਣਨ ਵਾਲੀ ਰਾਜਸੀ ਸ਼ਕਤੀ ਦੇ ਰੂਪ ਵਿੱਚ ਢਾਲ ਦੇਣ ਦਾ ਮਹਾਨ ਫੈਸਲਾ ਕਰ ਲਇਆ।



Sri Satguru Jagjit Singh Ji eLibrary NamdhariElibrary@gmail.com

ਗੁਰੂ ਗੋਬਿੰਦ ਸਿੰਘ ਸਾਹਬ ਦੇ ਦੇਹਾਂਤ ਤੱਕ ਨਾ ਕਦੀ ਸਿੱਖਾਂ ਨੇ ਸਰਕਾਰ ਨੂੰ ਟੈਕਸ ਦੇਣੇ ਬੰਦ ਕੀਤੇ ਸਨ ਤੇ ਨਾ ਕਦੀ ਕਿਸੇ ਥਾਂ ਉਤੇ, ਇਸ ਖਿਆਲ ਨਾਲ ਕਬਜ਼ਾ ਕੀਤਾ ਸੀ, ਕਿ ਮੁਗ਼ਲ ਹਕੂਮਤ ਦੇ ਮੁਕਾਬਲੇ ਉੱਤੇ ਕੋਈ ਹੋਰ ਹਕੂਮਤ ਕਾਇਮ ਕਰਨੀ ਹੈ। ਪਰ ਭਾਈ ਮਨੀ ਸਿੰਘ ਨੇ ਸਾਹਬਜ਼ਾਦਿਆਂ ਨਾਲ ਹੋਏ ਅੱਤਿਆਚਾਰ, ਗੁਰੂ ਸਾਹਬ ਉੱਤੇ ਕੀਤੇ ਮੁਹਲਕ ਵਾਰ ਅਤੇ ਆਮ ਜਨਤਾ ਦੀ ਦੁਰਦਸ਼ਾ ਦੇਖ ਕੇ ਇਹ ਫੈਸਲਾ ਕੀਤਾ ਕਿ ਸਿੱਖਾਂ ਨੂੰ ਰਾਜ ਤੋਂ ਘਬਰਾਉਣ ਦੀ ਲੋੜ ਨਹੀਂ, ਬਲਕਿ ਵਿਉਂਤ ਅਨੁਸਾਰ ਉਸ ਸਮੇਂ ਦੀ ਘੁਣ-ਖਾਧੀ ਹਕੂਮਤ ਨਾਲ ਜ਼ੋਰ ਅਜ਼ਮਾਈ ਕਰ ਕੇ ਉਸ ਪਾਸੋਂ ਰਾਜ ਸੱਤਾ ਖੋਹ ਲੈਣੀ ਚਾਹੀਦੀ ਹੈ। ਇਸ ਫੈਸਲੇ ਦਾ ਕਾਰਣ ਅਸਲਮ ਖਾਨ ਦੇ ਭੇਜੇ ਦਸਤਿਆਂ ਦੀ ਹਾਰ ਸੀ। ਇਸ ਤਰ੍ਹਾਂ ਭਾਈ ਮਨੀ ਸਿੰਘ ਦੀ ਜਿੱਤ ਪੰਜਾਬ ਵਿੱਚ ਮੁਗਲ ਰਾਜ ਦੀ ਅਧੋਗਤੀ ਦੇ ਇਤਿਹਾਸ ਵਿੱਚ ਇੱਕ ਅਹਮ ਪੜਾ ਸਮਝਣੀ ਚਾਹੀਦੀ ਹੈ। ਅਸਲਮ ਖਾਂ ਡਰ ਗਇਆ ਪਰਤੀਤ ਹੁੰਦਾ ਹੈ ਤੇ ਸਿੱਖਾਂ ਨੇ ਟੈਕਸਾਂ ਦੀ ਉਗਰਾਹੀ ਵਿੱਚ ਰੁਕਾਵਟਾਂ ਪਾਣੀਆਂ ਸ਼ੁਰੂ ਕਰ ਦਿਤੀਆਂ ਤੇ ਜਲੰਧਰ ਤਕ ਸਾਰੇ ਦੇਸ ਉਤੇ ਛਾ ਗਏ :—

(ਦੇਖੋ ਭੂਮਿਕਾ ਕਵਿ ਦਰਸ਼ਨ ਰਚਿਤ ਵਾਰ ਅੰਮ੍ਰਿਤਸਰ ਕੀ ਪਨਾ ੩ ਤੋਂ ੧੪। ਰਤਨ ਸਿੰਘ ਭੰਗੂ 'ਪ੍ਰਾਚੀਨ ਪੰਥ ਪਰਕਾਸ਼' ਛਾਪ ਤੀਸਰੀ ਪੰਨਾ ੨੦੩)

ਇਸ ਵੇਲੇ ਤੱਕ ਪੰਜਾਬ ਵਿੱਚ ਬੰਦਾ ਸਿੰਘ ਬਹਾਦਰ ਦੀ ਝੁਲਾਈ ਹਨੇਰੀ* ਦਾ ਅਜੇ ਮੁੱਢ ਨਹੀਂ ਸੀ ਬੱਝਾ।

ਸ: ਹਰਨਾਮ ਸਿੰਘ ਬਲਭ ਦੀ ਪ੍ਰਕਾਸ਼ਿਤ ਕੀਤੀ ਭਾਈ ਮਨੀ ਸਿੰਘ ਦੀ ਦਸਖਤੀ ਚਿੱਠੀ, ਇਹ ਸਿਧ ਕਰਦੀ ਹੈ, ਕਿ ਸੰਮਤ ੧੭੬੮ ਬਿ: (੧੭੧੧ ਈ.) ਦੇ ਲਗ ਭਗ ਜਦੋਂ ਸਿੱਖਾਂ ਉੱਤੇ ਪੂਰੇ ਜ਼ੋਰ ਨਾਲ ਅਤਿਆਚਾਰ ਸ਼ੁਰੂ ਹੋ ਚੁਕਾ ਸੀ, ਭਾਈ ਸਾਹਬ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਇਕੱਤ੍ਰ ਕਰਨ ਵੱਲ ਰੁਚਿਤ ਸਨ, ਤੇ ਦਿੱਲੀ ਵਿੱਚ ਮਾਤਾ ਸੁੰਦਰੀ ਜੀ ਨਾਲ ਇਨ੍ਹਾਂ ਦਾ ਮੇਲ ਜੋਲ ਕਾਇਮ ਸੀ। ਬੰਦਾ ਸਿੰਘ ਦੀ

* ੨੬ ਨਵੰਬਰ ਸੰਨ ੧੭੦੯ ਈ: ਨੂੰ ਇਸ ਨੇ ਸਮਾਣਾ ਸੋਧਿਆ ਅਤੇ ਹੋਰ ਛੇ ਮਹੀਨੇ ਬਾਅਦ ੧੫ ਜੇਠ ਵਦੀ (ਨਿਰਜਲਾ) ਇਕਾਦਸੀ ਸੰਮਤ ੧੭੬੭ ਬਿ: (੨੩ ਮਈ ੧੭੧੦ ਈ:) ਨੂੰ ਸਰਹਿੰਦ ਮਾਰੀ ਸੀ।



Sri Satguru Jagjit Singh Ji eLibrary NamdhariElibrary@gmail.com

ਸ਼ਹੀਦੀ ਨਾਲ ਇੱਕ ਵਾਰੀ ਫੇਰ ਪੰਜਾਬ ਉੱਤੇ ਮੁਗਲੀਆ ਹਕੂਮਤ ਦਾ ਕਰੜਾ ਦਬਦਬਾ ਛਾ ਗਇਆ ਤੇ ਸਿੱਖ ਦੋ ਹਿੱਸਿਆਂ ਵਿੱਚ ਵੰਡੇ ਗਏ। ਇਕ ਧੜਾ ਬੰਦਈ ਅਖਵਾਂਦਾ ਸੀ ਜਿਸ ਦਾ ਆਗੂ ਮਹੰਤ ਅਮਰ ਸਿੰਘ ਖੇਮਕਰਨੀਆ ਸੀ ਤੇ ਦੂਜੇ ਪਾਸੇ ਅਕਾਲ ਪੁਰਖੀਏ (ਤਤ ਖਾਲਸਾ) ਜਿਨ੍ਹਾਂ ਦਾ ਆਗੂ ਬਾਬਾ ਬਿਨੋਦ ਸਿੰਘ ਖਡੂਰ ਸਾਹਬੀਆ ਸੀ। ਸੰਮਤ ੧੭੮੦ ਬਿ: (੧੭੨੩ ਈ:) ਦੀ ਦੀਪਮਾਲਾ ਤੇ ਦੋਹਾਂ ਧੜਿਆਂ ਨੇ ਇਕੱਠੇ ਹੋ ਕੇ ਭਾਈ ਮਨੀ ਸਿੰਘ ਨੂੰ ਆਪਣਾ ਸਾਲਸ ਥਾਪ ਲਇਆ ਤੇ ਭਾਈ ਸਾਹਬ ਨੇ ਇਸ ਝਗੜੇ ਨੂੰ ਐਸੇ ਸੁਚੱਜੇ ਢੰਗ ਨਾਲ ਨਿਬੇੜਿਆ ਕਿ ਇੱਕ ਤਾਂ ਆਪੋ ਵਿੱਚ ਖਟ-ਪਟੀ ਦੂਰ ਹੋ ਗਈ ਤੇ ਦੂਜੇ ਦੋਹਾਂ ਧਿਰਾਂ ਨੇ ਅਗੋਂ ਲਈ ਭਾਈ ਮਨੀ ਸਿੰਘ ਨੂੰ ਆਪਣਾ ਲੀਡਰ ਮੰਨ ਲਇਆ। ਭਾਈ ਸਾਹਬ ਦੀ ਉਮਰ ਇਸ ਵੇਲੇ ਉਨਾਸੀ ਵਰ੍ਹਿਆਂ ਦੀ ਸੀ। ਇਹ ਸਪਸ਼ਟ ਹੈ ਕਿ ਉਹ ਬਾਹਰ ਮੈਦਾਨ ਵਿੱਚ ਜਾ ਕੇ ਅਗਵਾਈ ਨਹੀਂ ਸੀ ਕਰਦੇ, ਬਲਕਿ ਇੱਕ ਬਜ਼ੁਰਗ ਦੀ ਹੈਸੀਅਤ ਵਿੱਚ ਸਲਾਹ ਮਸ਼ਵਰਾ ਦੇ ਸਕਦੇ ਸਨ।

ਕੁਝ ਸਾਲ ਚੁਪ ਕੀਤਿਆਂ ਲਿਖਾ ਪੜ੍ਹੀ ਤੇ ਕਥਾ ਵਾਰਤਾ ਦਾ ਕੰਮ ਕਰਦਿਆਂ ਲੰਘ ਗਏ, ਮਾਲੂਮ ਹੁੰਦਾ ਹੈ ਕਿ ਇਸ ਤੋਂ ਉਪਰੰਤ ਅੱਠ ਦਸ ਸਾਲ ਸ੍ਰੀ ਅੰਮ੍ਰਿਤਸਰ ਵਿੱਚ ਕੋਈ ਮੇਲਾ ਨਾ ਲੱਗ ਸਕਿਆ ਕਿਉਂਕਿ ਮੇਲਾ ਸਰਕਾਰੀ ਮਨਜ਼ੂਰੀ ਤੇ ਟੈਕਸ ਦੀ ਇੱਕ ਵੱਡੀ ਰਕਮ ਤਾਰਨ ਦੇ ਪਿੱਛੋਂ ਹੀ ਲੱਗ ਸਕਦਾ ਸੀ। ਸੰਮਤ ੧੭੯੦ ਬਿ: (੧੭੩੩ ਈ:) ਵਿੱਚ ਜਦੋਂ ਭਾਈ ਸਾਹਬ ਦੀ ਉਮਰ ਉਨਾਨਵੇਂ ਵਰ੍ਹੇ ਦੀ ਸੀ, ਉਨ੍ਹਾਂ ਦੇ ਮਨ ਵਿੱਚ ਜਾਂਦੀ ਵਾਰੀ ਦਾ ਇੱਕ ਮੇਲਾ ਕਰਨ ਦਾ ਵੀਚਾਰ ਉਪਜਿਆ, ਉਹ ਨਾਜ਼ਮ ਦੀ ਆਗਿਆ ਲੈਣ ਲਈ ਲਾਹੌਰ ਪਹੁੰਚੇ। ਉੱਥੇ ਸੁਬੇਗ ਸਿੰਘ 'ਜੰਬਰ' ਤੇ ਸੂਰਤ ਸਿੰਘ 'ਸੂਰੀ' ਵਰਗੇ ਸਰਕਾਰ ਵਿੱਚ ਮਾਣ ਰਖਣ ਵਾਲੇ ਸਿਰਕੱਢ ਸਿੱਖਾਂ ਦੇ ਰਾਹੀਂ ਦੀਪਮਾਲਾ ਦੇ ਮੌਕੇ ਉੱਤੇ ਇੱਕ ਹਜ਼ਾਰ ਰੁਪਿਆ ਪ੍ਰਤੀ ਦਿਨ ਟੈਕਸ ਦੇਣਾ ਮਨਜ਼ੂਰ ਕਰ ਕੇ ਦਸ ਦਿਨ ਦਾ ਮੇਲਾ ਲਾਉਣ ਦੀ ਆਗਿਆ ਲੈ ਆਏ। ਜਦੋਂ ਮੇਲਾ ਨੇੜੇ ਆਇਆ ਤਾਂ ਮੁਖ਼ਬਰਾਂ ਨੇ ਲਾਹੌਰ ਸਰਕਾਰ ਨੂੰ ਉਕਸਾਉਣਾ ਸ਼ੁਰੂ ਕੀਤਾ ਕਿ ਮੇਲੇ ਸਮੇਂ ਇਕੱਠੇ ਹੋਏ ਸਿੱਖਾਂ ਉਤੇ ਛਾਪਾ ਮਾਰ ਕੇ ਉਨ੍ਹਾਂ ਦਾ ਨਾਸ ਕੀਤਾ ਜਾਏ। ਇਹ ਖਬਰਾਂ ਲਾਹੌਰ ਦੇ ਸਿੱਖਾਂ ਤੱਕ ਭੀ ਪਹੁੰਚ ਗਈਆਂ, ਉਨ੍ਹਾਂ ਨੇ ਝੱਟ ਭਾਈ ਮਨੀ ਸਿੰਘ ਵੱਲ ਹਰਕਾਰਾ ਦੌੜਾ ਦਿੱਤਾ। ਭਾਈ ਸਾਹਬ ਨੇ ਖ਼ਤਰਾ ਭਾਂਪ ਕੇ, ਥਾਉਂ ਥਾਈਂ ਇਤਲਾਹ ਭੇਜ ਕੇ ਜੰਗੀ ਸਿੱਖਾਂ ਦੇ ਦਲਾਂ ਨੂੰ ਮੇਲੇ ਉੱਤੇ ਆਉਣ ਤੋਂ ਰੋਕ ਦਿੱਤਾ। ਜਿਸ ਦਾ ਨਤੀਜਾ ਇਹ ਹੋਇਆ



Sri Satguru Jagjit Singh Ji eLibrary NamdhariElibrary@gmail.com

ਕਿ ਨਾ ਬਹੁਤੇ ਸਿੱਖ ਮੇਲੇ ਉੱਤੇ ਆਏ, ਤੇ ਨਾ ਟੈਕਸ ਵਾਲਾ ਦਸ ਹਜ਼ਾਰ ਰੁਪਿਆ ਇਕੱਠਾ ਹੋ ਸਕਿਆ। ਇਸ ਤਰ੍ਹਾਂ ਮੁਖਬਰਾਂ ਦੀ ਕੀਤੀ ਕਿਤਾਈ ਉੱਤੇ ਪਾਣੀ ਤਾਂ ਫਿਰ ਗਇਆ, ਪਰ ਭਾਈ ਸਾਹਬ ਨੂੰ ਜਵਾਬ-ਦਿਹ ਹੋਣਾ ਪਇਆ। ਭਾਈ ਮਨੀ ਸਿੰਘ ਨੇ ਇਸ ਦਾ ਉੱਤਰ ਇਹ ਦਿੱਤਾ ਕਿ ਜੇ ਵੈਸਾਖੀ ਦਾ ਮੇਲਾ ਬਿਨਾ ਕਿਸੇ ਛੇੜ ਛਾੜ ਦੇ ਡਰ ਦੇ ਕਰ ਲੈਣ ਦੀ ਆਗਿਆ ਦਿੱਤੀ ਜਾਏ ਤਾਂ ਦੀਵਾਲੀ ਦੀ ਕਸਰ ਭੀ ਪੂਰੀ ਕਰ ਦਿੱਤੀ ਜਾਵੇਗੀ, ਸਰਕਾਰ ਨੇ ਇਸ ਸਮਝੌਤੇ ਨੂੰ ਲਾਹੇਵੰਦ ਸਮਝਿਆ, ਕਿਉਂਕਿ ਸਰਕਾਰ ਦੇ ਮਨ ਵਿੱਚ ਪੈਸੇ ਨਾਲੋਂ ਇਕੱਤ੍ਰ ਹੋਏ ਸਿੱਖਾਂ ਦੇ ਬਾਗੀ ਲਹੂ ਨੂੰ ਵਹਿੰਦਿਆਂ ਵੇਖਣ ਦੀ ਚਾਹ ਵਧੇਰੇ ਬਲਵਾਨ ਸੀ। ਅੱਗੇ ਵਾਂਗ ਆਗਿਆ ਮਿਲੀ, ਸਿੱਖਾਂ ਨੂੰ ਧੋਖੇ ਨਾਲ ਘੇਰ ਕੇ ਮਾਰਨ ਦੀ ਘੁਸਰ ਮੁਸਰ ਹੋਈ। ਭਾਈ ਸਾਹਬ ਤੱਕ ਇਸ ਦੀ ਕਨਸੋ ਪਹੁੰਚੀ। ਇਸ ਦਾ ਨਤੀਜਾ ਜੋ ਅਗੇ ਨਿਕਲਿਆ ਸੀ, ਉਹੀ ਫੇਰ ਨਿਕਲਿਆ। ਹਥਿਆਰਬੰਦ ਜੰਗੀ ਸਿੱਖਾਂ ਵਿੱਚੋਂ ਇੱਕ ਭੀ ਦਲ ਨਾ ਪਹੁੰਚਿਆ। ਭਾਈ ਮਨੀ ਸਿੰਘ ਇਸ ਆਪ ਸਹੇੜੀ ਦਸ਼ਾ ਦੇ ਭਿਆਨਕ ਨਤੀਜਿਆਂ ਤੋਂ ਬੇ-ਖਬਰ ਨਹੀਂ ਹੋ ਸਕਦੇ ਸਨ। ਕੁਝ ਤਾਂ ਸਰਕਾਰ ਦੇ ਸਬਰ ਦਾ ਪਿਆਲਾ ਅੱਗੇ ਛਲਕਿਆ ਪਇਆ ਸੀ, ਰਹਿੰਦੀ ਖੂੰਹਦੀ ਕਸਰ ਹਰਿ ਨਿਰੰਜਣ ਹੰਦਾਲੀਆ, ਕਰਮਾਂ ਛੀਨਾ, ਰਾਮਾ ਰੰਧਾਵਾ, ਸਾਹਬ ਰਾਇ ਆਦਿ ਸਰਕਾਰੀ ਬੰਦਿਆਂ ਨੇ ਪੂਰੀ ਕਰ ਦਿੱਤੀ। ਇਹ ਘਟਨਾ ਦਾ ਵਰਣਨ ਸੇਵਾ ਸਿੰਘ 'ਸ਼ਹੀਦ-ਬਿਲਾਸ' ਵਿੱਚ ਇਉਂ ਕਰਦਾ ਹੈ :—

(ਚੌਪਈ)

ਸੂੰਹੀਏ* ਪਹਿਲੋਂ ਖਬਰ ਪੁਚਾਈ, ਸੂਬੇ ਕੀ ਸਬ ਦੇਖ ਖੁਟਾਈ।
ਲੱਖ ਭੇਜਿਆ ਉਸ ਵਜੀਰ, ਤੀਰਥ ਰਾਮ ਸੁਧਾ ਸਰ ਤੀਰ।
ਦੋਖੀ ਦੁਸ਼ਟ ਜਿਸੀਮਨ ਮੇਲ, ਤੁਰਕ ਫੌਜ ਲੈ ਆਇਆ ਗੈਲ।
ਕਾਰਨ ਇਸੀ ਸਿੰਘ ਨਹੀਂ ਆਏ, ਮਨੀ ਸਿੰਘ ਦੀਏ ਬੰਦ ਕਰਾਏ।
ਭਾਈ ਸਾਹਬ ਇਮ ਕਹਿਬੋ ਅਲਾਈ, ਹਮਰੋ ਸਮਾਂ ਪਹੁੰਚਯੋ ਆਈ।
ਧਰਮ ਹੇਤ ਹਮ ਦੇ ਹੈਂ ਪ੍ਰਾਨਾ, ਨਹੀਂ ਤੁਰਕ ਕੀ ਮਾਨੈ ਕਾਨਾ।
ਸੇਵਾ ਹਰੀ ਗਾਥ ਇਮ ਭਈ, ਲੱਖੂ ਦੁਸ਼ਟ ਉਤ ਆਯੋ ਨਈ।੧੧।

---

* ਇਹ ਸਿੱਖ ਸੂੰਹੀਏ ਵੱਲ ਇਸ਼ਾਰਾ ਹੈ, ਜਿਸ ਨੇ ਭਾਈ ਮਨੀ ਸਿੰਘ ਨੂੰ ਖਬਰ ਪੁਚਾਈ ਸੀ। (ਲੇਖਕ)



Sri Satguru Jagjit Singh Ji eLibrary NamdhariElibrary@gmail.com

(ਦੋਹਰਾ)

ਚੰਡਾਲ ਚੌਕੜੀ ਰਲ ਸਭੀ ਕਾਜੀ ਗੈਲ ਰਲਾਇ।
ਪਾਸ ਖਾਨ ਦੇ ਪਹੁੰਚਕੇ ਕੈਹਦੇ ਇਹ ਸਮਝਾਇ।੧੮੯।
ਸਾਂਪ ਬੁਕਰ ਮੈਂ ਪਲ ਰਿਹਾ ਸਿੰਘਨ ਕਾ ਸਰਦਾਰ।
ਬੈਠੇ ਤੁਸੀ ਅਵੇਸਲੇ ਨਹੀਂ ਤੁਸਾਂ ਕੋ ਸਾਰ।੧੯੦।

(ਚੌਪਈ)

ਮਨੀ ਸਿੰਘ ਸਮਝੋ ਐਸਾ, ਸਈਯਦ ਹੈ ਤੁਰਕਨ ਮੇਂ ਜੈਸਾ।
ਜਥੇਦਾਰ ਇਹ ਸਿੰਘਨ ਕੇਰਾ, ਹਮਨੇ ਕਈ ਬਾਰ ਹੈ ਹੇਰਾ।
ਹਰਿ ਮੰਦਰ ਕਾ ਇਹੋ ਪੁਜਾਰੀ, ਮਾਨੇ ਇਸ ਕੋ ਖਲਕਤ ਸਾਰੀ।
ਦੀਰਘ ਆਯੁ ਇਸਕੀ ਆਈ, ਕਾਰਨ ਇਸੀ ਇਜ਼ਤ ਬਹੁ ਪਾਈ।
ਬਾਹਰੋਂ ਚਲ ਕਰ ਜੋ ਸਿਖ ਆਵੇ, ਪਹਿਲੋਂ ਇਸ ਕੋ ਫਤੇ ਬੁਲਾਵੇ।
ਖੁਲ ਜਬੀ ਸੈ ਤਉਨੇ ਦਈ, ਅਤਿ ਸਿਖੜਿਆ ਬਹੁਤੀ ਚਈ।
ਸੇਵਾ ਹਰੀ ਇਮ ਦੁਸ਼ਟਾਂ ਆਇ, ਖਾਨ ਬਹਾਦਰ ਦੀਆ ਭਖਾਇ।੧੯੧।

(ਦੋਹਰਾ)

ਚੜ੍ਹੀ ਫੌਜ ਤੁਰਕਨ ਕੀ ਮਾਰੋ ਮਾਰ ਪੁਕਾਰ।
ਪਹੁੰਚ ਚੌਤਰਫੀ ਘੇਰਿਆ ਗੁਰੂ ਰਾਮਦਾਸ ਦਰਬਾਰ।੧੯੨।
ਮਨੀ ਸਿੰਘ ਥੀ ਆਦਿ ਲੈ ਨਾਮੀ ਨਾਮੀ ਬੀਰ।
ਫੜ ਲੈ ਆਏ ਲਾਹੌਰ ਮੇਂ ਖਾਨ ਬਹਾਦਰ ਤੀਰ।੧੯੩।

(ਚੌਪਈ)

ਜਿਤਕ ਸਿੰਘ ਸੀ ਪੁਰ ਰਾਮਦਾਸ, ਰੈਂਦੇ ਚੱਕ ਮਨੀ ਸਿੰਘ ਪਾਸ।
ਲਿਆਏ ਪਕੜ ਕੇ ਸਭਨ ਕੇ ਤਾਈ, ਬਾਲ ਬਿਰਧ ਨਾ ਛੋਡਿਓ ਕਾਈ।
ਪੁਨ ਸਭ ਲੂਟ ਲੀਆ ਥੀ ਡੇਰਾ, ਅਪਨਾ ਨਹੀਂ ਬਿਗਾਨਾਂ ਹੇਰਾ।
ਨੇੜ ਤੇੜਿਯੋ ਸਭ ਫੜ ਆਂਦੇ, ਸਿੱਖ ਗੁਰੂ ਕੇ ਜੋ ਅਖਵਾਂਦੇ।
ਬੰਦੀਖਾਨੇ ਬੰਦ ਕਰਾਇ, ਸੂਬੇ ਖਾਨ ਬਹਾਦਰ ਆਏ।...

ਸਿੱਖਾਂ ਦਾ ਇੱਕ ਇਤਿਹਾਸਕਾਰ ਕੇਸਰ ਸਿੰਘ 'ਛਿਬਰ' ਇਸ ਦੁਰਘਟਨਾ ਵੇਲੇ ਖੁਦ ਮੌਜੂਦ ਸੀ, ਉਸ ਦੀ ਸੁਆਦਲੀ ਗਵਾਹੀ ਇਸ ਤਰ੍ਹਾਂ ਹੈ :–

ਸਮਤ ਸਤਾਰਾਂ ਸੈ ਤਿਰਾਨਵੇਂ* ਹੋਵਤ ਭਏ।
ਤੁਰਕ ਚੜ ਲਾਹੌਰੋਂ ਅਚਣਚੇਤੇ ਆਇ ਪਏ।

---

* ਅਸਲ ਵਿੱਚ ਘਟਨਾ ਸੰਮਤ ੧੭੯੧ ਬਿ: (੧੭੩੪ ਈ:) ਦੀ ਹੈ।
(ਲੇਖਕ)



Sri Satguru Jagjit Singh Ji eLibrary NamdhariElibrary@gmail.com

ਬਹੁਤ ਸਿੱਖ ਮਾਰੇ ਕੁਛ ਨਸ ਹਰਿ ਮੰਦਰ ਵੜ ਗਏ ।
ਗਿਰਦ ਤੁਰਕਾ ਘੇਰੇ ਪਾ ਲਏ । ੪੫ ।
ਕੀਤੀ ਕਸਮ ਸੁਗੰਧ ਮੰਦਰੋਂ 'ਕਢਵਾਏ ।
ਹਥਿਆਰ ਸਭਨਾਂ ਦੇ ਗਲੋਂ ਲੁਹਾਏ ।
ਕਰ ਇਕੱਠੇ ਸਭ ਪੰਗਤ ਬਹਾਏ ।
ਲਗੀ ਵਗਨ ਤਲਵਾਰ, ਸਿਰ ਸਭਨਾਂ ਦੇ ਕੱਟਵਾਏ । ੪੬ ।
ਅਸੀਂ ਭੀ ਤਿਸ ਜੁਧ ਵਿੱਚ ਪਿਤਾ ਨਾਲ ਨਿੱਕੇ ਵਿੱਚੇ ਆਹੇ ।
ਆਈ ਸ਼ਿਕਸਤ ਅਸੀਂ ਨਸ ਵੜੇ ਨਗਰ ਮਾਹਿ ।
ਘਰ ਆਪਣੇ ਵੜ ਦੂਹਰੇ ਭੋਰੇ ਸਰਦ ਖਾਨੇ ।
ਦੋ ਭਾਈ ਅਸੀਂ ਨਿਕੜੇ ਦੋ ਹੋਰ ਪੰਜ ਛਪਾਨੇ । ੪੭ ।
ਪ੍ਰਾਰਬਧ ਸਾਸ ਰਹੇ ਟੁਰੇ ।
ਆਏ ਤੁਰਕ ਦੇਖ ਭਾਲ ਨਗਰ ਅਗੀ ਲਾਇ ਤੁਰੇ ।
ਧਾਮ ਹਮਾਰੇ ਅਨਲ ਚਮਕੀ ਪਰ ਸਤਿਗੁਰ ਰਖ ਲਏ ।
ਪਰੀਨਿਸਾ ਕਾਰੀ ਅਸੀਂ ਪੰਜ ਨਿਕਸ ਅੰਮ੍ਰਿਤਸਰ ਗਏ ।੪੮।..
ਕਿਆ ਦੇਖੀਏ ਸਭੇ ਸਿੱਖ ਕਟਿ ਅੰਮ੍ਰਿਤਸਰ ਵਿਚ ਤੁਰਕਾ ਪਾਏ ।
ਨਾਲ ਰੁਖ ਗਿਰਦੇ ਦੇ ਸਭੇ ਕਟਿ ਵਿਚ ਪਵਾਏ ।
ਤਿਨ ਸਿਖਾਂ ਦੇ ਹਥ ਪੈਰ ਕੱਛ ਕੱਟ ਕਪੜੇ ਸ੍ਰੋਨ ਸੋ ਭਰੇ ।
ਅਸਾਂ ਜਾਇ ਹੇਰੇ ਅਗੇ ਦਰਬਾਰ ਦੇ ਪੜੇ । ੫੦ ।
ਹੇਰਿਤ ਹੇਰਿਤ ਅਸੀ ਤਹਾ ਗਏ ।
ਜਹਾਂ ਡੇਰੇ ਤੁਰਕਾ ਦੇ ਨਿਸ ਕਾਰੀ ਪਏ ।
ਮਸਾਲਾ ਦੀਵੇ ਅਗ ਬਲਦੀ ਅਸੀ ਹੇਰ ਆਏ ।
ਸਾਗ ਪਤ੍ਰ ਮੂਲੀ ਗਾਜਰ ਤਰੁਟ ਪੁਟਿ ਲੈ ਟੁਰੇ ਓਥੇ ਹੀ ਜਾਏ ।੫੧।
ਦਿਨੇਂ ਓਹ ਢੂੰਢਦੇ ਫਿਰਨ ਛਪੇ ਲੁਕੇ ਬਨ ਸਿਖਾਂ ਨੂੰ ।
ਨਿਸਾ ਅਸੀ ਭਉਂਦੇ ਫਿਰਦੇ ਹੇਰਦੇ
ਪੁਟਿ ਭਨ ਲਿਆਵੀਏ ਫਲ ਤਰਕਾਰੀ ਇੱਖਾ ਨੂੰ ।
ਪੰਜ ਅਸੀਂ ਸਤਿ ਹੋਰ ਮਿਲੇ ।
ਨਿਸਾ ਨਿਕਲ ਫਿਰੀਏ ਦਿਨ ਜਾਇ
ਟੁਰੀਏ ਕੋਈ ਲੁਗੇ ਖੋਲੇ । ੫੨ ।
ਤੁਰਕ ਨਿਸਾ ਨੂੰ ਡੇਰਿਉਂ ਨਾਂ ਨਿਕਲਿਨ ਬਾਹਰ ਡਰਦੇ ।
ਅਸੀਂ ਦਿਨੇਂ ਨ ਨਿਕਲੀਏ ਬਾਹਰ ਨਿਸ ਰਹੀਏ ਫਿਰਦੇ ।...

(ਬੰਸਾਵਲੀ ਨਾਮਾ ਚਰਨ ਚੌਧਵਾਂ)



Sri Satguru Jagjit Singh Ji eLibrary NamdhariElibrary@gmail.com

ਗ੍ਰਿਫਤਾਰ ਹੋਣ ਸਮੇਂ ਭਾਈ ਮਨੀ ਸਿੰਘ ਦੀ ਆਯੂ ੯੦ ਵਰਿਆਂ ਦੀ ਸੀ। ਇਨ੍ਹਾਂ ਨੂੰ ਲਾਹੌਰ ਬੰਦੀ ਖਾਨੇ ਵਿੱਚ ਟਿਕਾਇਆ ਗਇਆ। ਜ਼ਕਰੀਆ ਖਾਨ ਉਸ ਵੇਲੇ ਦਾਂ ਨਾਜ਼ਮ ਸੀ। ਉਸ ਨੇ ਕਚਹਰੀ ਲਾਕੇ ਭਾਈ ਮਨੀ ਸਿੰਘ ਤੇ ਉਸ ਦੇ ਸਾਥੀਆਂ ਨੂੰ ਇਹ ਪੇਸ਼ਕਸ਼ ਕੀਤੀ ਕਿ ਜੰਗੀ ਸਿਖਾਂ ਦੇ ਪਤੇ ਦਸ ਦਿਓ, ਤੇ ਤੁਹਾਨੂੰ ਬਰੀ ਕਰ ਦਿਤਾ ਜਾਵੇਗਾ। ਭਾਈ ਮਨੀ ਸਿੰਘ, ਭਾਈ ਗੁਲਜਾਰਾ ਸਿੰਘ ਭਾਈ ਭੂਪਤ ਸਿੰਘ ਆਦਿ ਬਹਾਦਰਾਂ ਨੇ ਅਗੋਂ ਇਸਤਰ੍ਹਾਂ ਦੇ ਖੜਕਵੇਂ ਉਤਰ ਦਿੱਤੇ :—

ਦੋਹਰਾ। ਮਨੀ ਸਿੰਘ ਤਬ ਇਮ ਕਹਿਬੋ ਸੁਨੋ ਬਹਾਦਰ ਖਾਨ।
ਨਿਸਦਿਨ ਬੋਲੇ ਝੂਠ ਤਉ ਖਾ ਕੇ ਕਸਮ ਕੁਰ'ਨ। ੧੯੮।
ਝੂਠ ਬੋਲਨਾ ਖਾਨ ਜੀ ਨਹਿ ਸਿੰਘਨ ਕਾ ਕਾਮ।
ਕਾਟ ਜਾਏ ਅੰਗ ਅੰਗ ਬੀ ਦੇਨਾਂ ਦਗਾ ਹਰਾਮ। ੧੯੯।
ਚੌਪਾਈ। ਭਰੀ ਕਚਹਰੀ ਤੁਰਕਨ ਮਾਂਇ।
ਮਨੀ ਸਿੰਘ ਤਬ ਕਿਹਾ ਅਲਾਇ।
ਝੂਠ ਬੋਲ ਤਉ ਦਰਮ ਕਮਾਮੋ, ਨਹਿ ਕਰਨੀ ਤੇ ਤੁਮ ਪਛਤਾਓ।
ਗੈਲੇ ਕਿਹਾ ਤਬ ਸਿੰਘ ਗੁਲਜਾਰ, ਨਹਿ ਸਿੰਘਨ ਕੀ ਹੈ ਇਹ ਕਾਰ।
ਖਾਲ ਸਿੰਘ ਕੀ ਲਹਿ ਜੇ ਪੁਠੀ, ਤਉ ਬੀ ਕਰੇ ਬਾਤ ਨਾ ਝੂਠੀ।
ਭੂਪੱਤ ਸਿੰਘ ਕਰ ਆਂਖੇਂ ਗਹਿਰੀ, ਬੋਲਯੋ ਸਾਮੇਂ ਬੀਚ ਕਚਹਿਰੀ।
ਸੁਨੋਂ ਖਾਨ ਇਹ ਰਾਜ ਨਹਿ ਰਹਿਸੀ,
ਕੋਟ ਪਾਪ ਕਾ ਇਕ ਦਿਨ ਢਹਿਸੀ।
'ਸੇਵਾ ਹਰੀ ਇਹੋ' ਅਰਦਾਸ, ਦੁਸ਼ਟ ਰਾਜ ਕਾ ਹੋਵੇ ਨਾਸ। ੨੦੦।
(ਸੇਵਾ ਸਿੰਘ ਕ੍ਰਿਤ ਸ਼ਹੀਦ ਬਿਲਾਸ)

ਗੁਰਬਿਲਾਸ ਪਾ:੧੦ ਦਾ ਕਰਤਾ ਕੁਇਰ ਸਿੰਘ ਜਿਸਦਾ ਦਾਅਵਾ ਹੈ ਕਿ ਮੈਂ ਇਨ੍ਹਾਂ ਗ੍ਰਿਫਤਾਰੀਆਂ ਤੇ ਸ਼ਹੀਦੀਆਂ ਦੇ ਸਮੇਂ ਬੰਦੀ ਖਾਨੇ ਵਿਚ ਸਿਪਾਹੀ ਸਾਂ, ਤੇ ਹਰ ਰੋਜ਼ ਜੇਲ ਵਿਚ ਭਾਈ ਮਨੀ ਸਿੰਘ ਦੀ ਕਥਾ ਸੁਣਦਾ ਹੁੰਦਾ ਸਾਂ, ਲਿਖਦਾ ਹੈ ਕਿ ਭਾਈ ਸਾਹਬ ਤੇ ਉਨ੍ਹਾਂ ਦੇ ਸਾਥੀਆਂ ਨੂੰ ਇਸਲਾਮ ਵਿਚ ਦਾਖਲ ਹੋ ਕੇ ਆਪਣੀ ਜਾਨ ਬਚਾਉਣ ਦੀ ਸ਼ਰਤ ਪੇਸ਼ ਕੀਤੀ ਗਈ। ਪਰ ਉਨ੍ਹਾ ਵਿਚੋਂ ਕਿਸੇ ਇੱਕ ਭੀ ਇਹ ਸ਼ਰਤ ਸਵੀਕਾਰ ਨਾ ਕੀਤੀ। ਅੰਤ ਲਾਹੌਰ ਸ਼ਹਰ ਦੀ ਪਰਸਿਧ ਕਤਲ-ਗਾਹ, ਨਖਾਸ ਚੌਕ ਵਿਚ ਲਇਆ ਕੇ ਸਭ ਦੇ ਸਾਹਮਣੇ ਭਾਈ ਮਨੀ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਅਨੇਕ ਤਸੀਹੇ ਦੇ ਦੇ ਕੇ ੨੫ ਹਾੜ ਸੁਦੀ ਪੰਚਮੀਂ ਸੰਮਤ ੧੭੯੧ ਬਿ: (੨੪ ਜੂਨ ੧੭੩੪ ਈ:)



Sri Satguru Jagjit Singh Ji eLibrary NamdhariElibrary@gmail.com

ਨੂੰ ਸ਼ਹੀਦ ਕਰ ਦਿਤਾ ਗਇਆ। ਭਾਈ ਮਨੀ ਸਿੰਘ ਨੂੰ ਸ਼ਹੀਦ ਕਰਨ ਦਾ ਜੇਹੜਾ ਵਹਸ਼ੀਆਨਾ ਢੰਗ ਵਰਤਿਆ ਗਇਆ ਉਹ ਜਿਵੇਂ ਕਿ ਪ੍ਰਸਿਧ ਹੈ, ਬੰਦ ਬੰਦ ਕਟਣ ਦਾ ਸੀ। ਸ਼ਹੀਦੀ ਬਾਰੇ ਕੁਇਰ ਸਿੰਘ ਦੀ ਮਿਤੀ ਤੇ ਸੰਮਤ ਦੀ ਪ੍ਰੌੜਤਾ, ਤਲਉਡਾ ਮੁਲਤਾਨੀ-ਸਿੰਧੀ-ਕਰਸਿੰਧੂ ਦੀ ਭੱਟ ਵਹੀ ਦੀ ਯਾਦ-ਦਾਸ਼ਤ ਭੀਮ ਸਿੰਘ ਭੱਟ ਦੇ ਦੋਹੇ ਤੇ ਸੇਵਾ ਸਿੰਘ ਦੇ 'ਸ਼ਹੀਦ ਬਿਲਾਸ' ਵਿੱਚੋਂ ਹੁੰਦੀ ਹੈ।

( ੭ )

ਭਗਤ, ਦਾਤਾ ਤੇ ਸੂਰਮਾ ਮਨੀ ਸਿੰਘ, ਲਿਖਣ ਪੜਨ ਦਾ ਕੰਮ ਭੀ ਸਾਰੀ ਉਮਰ ਹੀ ਕਰਦਾ ਰਹਿਆ। ਪੁਰਾਣੀਆਂ ਲਿਖਤਾਂ ਅਨੁਸਾਰ ਅਸੀਂ ਉਸ ਦੇ ਇਸ ਕੰਮ ਨੂੰ ਇਸ ਤਰ੍ਹਾਂ ਵੰਡ ਸਕਦੇ ਹਾਂ:—

(ੳ) ਬੀੜਾਂ ਦੀ ਲਿਖਾਈ।
(ਅ) ਸਾਖੀਆਂ ਦੀ ਰਚਨਾ।
(ੲ) ਦਸਮ ਗ੍ਰੰਥ ਦਾ ਸੰਪਾਦਨ।
(ਸ) ਆਦਿ ਗੁਰੂ ਗ੍ਰੰਥ ਸਾਹਬ ਦਾ ਪੁਨਰ ਸੰਪਾਦਨ।

ਹੁਣ ਅਸੀਂ ਹਰ ਇੱਕ ਦਾ ਵੇਰਵਾ ਦੇਣ ਦਾ ਜਤਨ ਕਰਾਂਗੇ :—

(ੳ) ਬੀੜਾਂ ਦੀ ਲਿਖਾਈ—

ਅਸੀਂ ਆਪਣੇ ਲੇਖ ਵਿੱਚ 'ਸ਼ਹੀਦ ਬਿਲਾਸ' ਦੇ ਹਵਾਲੇ ਨਾਲ ਦੱਸ ਆਏ ਹਾਂ ਕਿ ੩੫ ਵਰ੍ਹਿਆਂ ਦੀ ਉਮਰ ਵਿੱਚ ਭਾਈ ਮਨੀ ਰਾਮ ਬੜੇ ਉਤਸ਼ਾਹ ਨਾਲ ਪੋਥੀਆਂ ਲਿਖਣ ਤੇ ਲਿਖਾਉਣ ਦੀ ਸੇਵਾ ਕਰਦਾ ਹੁੰਦਾ ਸੀ। ਏਥੇ ਪੋਥੀਆਂ ਤੋਂ ਭਾਵ, ਵੱਹ ਵਿਸਵੇ ਗੁਰੂ ਗ੍ਰੰਥ ਸਾਹਬ ਦੀਆਂ ਬੀੜਾਂ ਦਾ ਹੀ ਹੋ ਸਕਦਾ ਹੈ। ਕਿਉਂਕਿ ਗੁਰੂ ਗ੍ਰੰਥ ਸਾਹਬ ਦਾ ਪੁਰਾਣਾ ਪ੍ਰਸਿੱਧ ਨਾਂ 'ਪੋਥੀ' ਹੀ ਸੀ। ਇਸ ਅਨੁਮਾਨ ਦਾ ਇੱਕ ਕਾਰਨ ਇਹ ਭੀ ਹੈ ਕਿ ਚੌਪਾ ਸਿੰਘ (ਕਰਤਾ ਰਹਿਤਨਾਮਾ) ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਕਰਤਾਰਪੁਰੀ ਸੋਢੀਆਂ ਪਾਸੋਂ ਗੁਰੂ ਅਰਜਨ ਸਾਹਬ ਵਾਲੀ ਬੀੜ ਸੰਮਤ ੧੭੩੫ ਬਿ:* (੧੬੭੮ ਈ:) ਵਿੱਚ ਮੰਗ ਭੇਜੀ ਸੀ। ਚੌਪਾ ਸਿੰਘ ਤੇ

* ਸ੍ਰੀ ਦਸਮੇਸ਼ ਜੀ ਨੇ ਸੰਮਤ ੧੭੩੩ ਬਿ: (੧੬੭੬ ਈ:) ਦੀ ਵੈਸਾਖੀ ਨੂੰ ਰਾਜ ਸਾਜ ਧਾਰਨ ਕਰ ਕੇ ਅਗਲੇ ਪ੍ਰੋਗਰਾਮ ਦਾ ਐਲਾਨ ਕੀਤਾ ਸੀ—

(ੳ) ਸਤ੍ਰਾਂ ਸੈ ਸ਼ਿਵ ਨੈਨ ਭਨ ਪੁਨ ਅਗਨੀ ਪ੍ਰਮਾਨ।
ਆਦਿ ਸਿੰਘਾਸਨ ਦਮਦਮਾ ਰਾਜ ਧਰਾ ਗੁਰ ਜਾਨ।
(ਕੋਇਰ ਸਿੰਘ ਗੁਰਬਿਲਾਸ ਪਾਤਸ਼ਾਹੀ ੧੦)

(ਅ) ਆਦਿ ਸਿੰਘਾਸਨ ਦਮਦਮਾ ਜਾਨਤ ਸਕਲ ਜਹਾਨ।
ਜੋ ਇਹ ਕਾਰ ਸੁ ਪੂਜ ਹੈ ਪੈ ਹੈ ਪ੍ਰਮ ਨਿਧਾਨ ।੨੨੧।
(ਸੁਖਾ ਸਿੰਘ ਗੁਰਬਲਾਸ ਪਾ: ੧੦ ਅਧਿਆਇ ਚੌਥਾ)

Sri Satguru Jagjit Singh Ji eLibrary NamdhariElibrary@gmail.com

ਕੇਸਰ ਸਿੰਘ ਛਿਬਰ ਸਹਮਤ ਹਨ† ਕਿ ਉਨ੍ਹਾਂ ਨੇ ਬੀੜ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਸਮੇਂ ਭਾਈ ਮਨੀ ਸਿੰਘ ਦੀ ਆਯੂ ੩੫ ਕੁ ਵਰ੍ਹੇ ਦੀ ਹੀ ਬਣਦੀ ਹੈ, ਤੇ ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਅਨੁਸਾਰ ਭਾਈ ਸਾਹਬ, ਗੁਰੂ ਗ੍ਰੰਥ ਸਾਹਬ ਜੀ ਦੀਆਂ ਬੀੜਾਂ ਦੀਆਂ ਸੁੱਧ ਨਕਲਾਂ ਤਿਆਰ ਕਰਨ ਵਿੱਚ ਰੁਝੇ ਹੋਏ ਹੋਣਗੇ ਤਾਕਿ ਧੀਰ ਮਲੀਆਂ() ਦੇ ਪਾਏ ਅੜਿੱਕੇ ਨੂੰ ਦੂਰ ਕੀਤਾ ਜਾ ਸਕੇ।

(ਅ) ਸਾਖੀਆਂ ਦੀ ਰਚਨਾ—

ਅਸੀਂ ਭਾਈ ਮਨੀ ਸਿੰਘ ਜੀ ਦੀ ਸਾਖੀ ਰਚਨਾ ਦੇ ਸੰਬੰਧ ਵਿੱਚ ਭੀ (ਸ਼ਹੀਦ ਬਿਲਾਸ) ਵਿੱਚ ਆਏ ਹਵਾਲੇ ਦਾ ਜ਼ਿਕਰ ਕਰ ਚੁਕੇ ਹਾਂ। ਭਾਈ ਮਨੀ ਸਿੰਘ ਦੇ ਨਾਂ ਹੇਠ ਸਾਖੀਆਂ ਦੇ ਕਈ ਖਰੜੇ ਲਭਦੇ ਹਨ, ਜਿਨ੍ਹਾਂ ਵਿਚੋਂ ਪ੍ਰਸਿੱਧ ਦੋ ਹਨ :—

(ੳ) ਗਿਆਨ ਰਤਨਾਵਲੀ।
(ਅ) ਭਗਤ ਰਤਨਾਵਲੀ।

ਇਹ ਦੋਵੇਂ ਭਾਈ ਗੁਰਦਾਸ ਦੀਆਂ ਵਾਰਾਂ ਉੱਤੇ ਆਧਾਰਿਤ ਹਨ, ਜਾਂ ਇਉਂ ਕਹ ਲਈਏ ਕਿ ਉਨ੍ਹਾਂ ਦੀ ਕਥਾ ਨੁਮਾ ਟੀਕਾ ਹਨ। ਗਿਆਨ ਰਤਨਾਵਲੀ ਭਾਈ ਗੁਰਦਾਸ ਦੀ ਪਹਲੀ ਵਾਰ ਦੀ ਵਿਆਖਿਆ ਦੀ ਸ਼ਕਲ ਵਿੱਚ ਗੁਰੂ ਨਾਨਕ ਸਾਹਬ ਦੀ ਜਨਮ ਸਾਖੀ ਹੈ ਤੇ ਭਗਤ ਰਤਨਾਵਲੀ ਭਾਈ ਗੁਰਦਾਸ ਦੀ ਯਾਰਵੀਂ ਵਾਰ ਦੇ ਟੀਕਾ ਵਿੱਚ ਪੁਰਾਣੇ ਸਿੱਖਾਂ ਦਾ ਬਿਉਰਾ ਹੈ। ਇਨ੍ਹਾਂ ਦੋਹਾਂ ਗ੍ਰੰਥਾਂ ਨੂੰ ਭਾਈ ਮਨੀ ਸਿੰਘ ਰਚਿਤ ਮੰਨਿਆ ਜਾਂਦਾ ਰਹਿਆ ਹੈ, ਕਿਉਂਕਿ ਖਰੜਿਆਂ ਵਿੱਚ ਉਨ੍ਹਾਂ ਦਾ ਲੇਖਕ

---

† (ੳ) ਗਿਆਨੀ ਗਿਆਨ ਸਿੰਘ ਪਥ ਪ੍ਰਕਾਸ਼ ਦੀ ਦੂਸਰੀ ਛਾਪ ਬਾਈਸਵੇਂ ਬਿਸਰਾਮ ਵਿੱਚ—ਚੌਪਾ ਸਿੰਘ ਤੇ ਕੇਸਰ ਸਿੰਘ ਦੇ ਕਥਨ ਦੀ ਪੁਸ਼ਟੀ ਕਰਦਾ ਹੈ।

(ਅ) ਸੱਯਦ ਮੁਹੰਮਦ ਲਤੀਫ ਪੰਨਾ ੨੭੧-੨੭੨ ਵਿੱਚ ਲਿਖਦਾ ਹੈ ਕਿ ਸੋਢੀਆ ਦੀ ਇਨਕਾਰੀ ਤੇ ਸੰਮਤ ੧੭੫੩ ਬਿ: (੧੬੯੬ ਈ:) ਤੋਂ ਪਹਲੇ ਦਮਦਮ ਸਾਹਬ (ਅਨੰਦਪੁਰ) ਬੀੜ ਲਿਖੀ।

() ਸੋਢੀ ਧੀਰ ਮੱਲ ਆਪ ਮੱਘਰ ਸੁਦੀ ਦੂਜ ਸੰਮਤ ੧੭੩੪ ਬਿ. (੧੬੭੭ ਈ.) ਨੂੰ ਇਸ ਸੰਸਾਰ ਤੋਂ ਚੱਲ ਵਸਿਆ ਸੀ (ਕਰਤਾਰਪੁਰ ਦੀ ਇੱਕ ਲਿਖਤੀ ਆਦਿ ਬੀੜ ਦੇ 'ਚਰਿਤ੍ਰ ਜੋਤੀ ਜੋਤ ਸਮਾਵਣ' ਵਿੱਚੋਂ)



Sri Satguru Jagjit Singh Ji eLibrary NamdhariElibrary@gmail.com

ਭਾਈ ਸਾਹਬ ਨੂੰ ਹੀ ਦਸਿਆ ਹੁੰਦਾ ਹੈ। ਪਰ ਸਾਡੇ ਵਿਚਾਰ ਵਿੱਚ ਇਹ ਪੋਥੀਆਂ ਭਾਈ ਮਨੀ ਸਿੰਘ ਜੀ ਦੀ ਸਿੱਧੀ ਰਚਨਾ ਨਹੀਂ ਮੰਨੀਆਂ ਜਾਣੀਆਂ ਚਾਹੀਦੀਆਂ, ਬਲਕਿ ਭਾਈ ਸੂਰਤ ਸਿੰਘ ਰਾਹੀਂ ਉਨ੍ਹਾਂ ਦੀਆਂ ਰਚਨਾਵਾਂ ਮੰਨੀਆਂ ਜਾ ਸਕਦੀਆਂ ਹਨ। ਸੰਤ ਗੁਲਾਬ ਸਿੰਘ ਨਿਰਮਲੇ ਆਪਣੀ ਰਚੀ ਗੁਰ ਪ੍ਰਣਾਲੀ (ਗੁਰ ਪ੍ਰਣਾਲੀਆ ਸਿੱਖ ਹਿਸਟਰੀ ਸੁਸਾਇਟੀ ਸੰਪਾਦਕ ਰਣਧੀਰ ਸਿੰਘ ਪੰਨਾ ੨੩) ਵਿੱਚ ਭਾਈ ਮਨੀ ਸਿੰਘ ਵਾਲੀਆਂ ਸਾਖੀਆਂ ਦਾ ਰਚਿਅਤਾ, ਖੁਦਪੁਰ ਮਾਂਗੇ ਦੇ ਨੇੜੇ ਦੇ ਪਿੰਡ ਬਾਠ ਦੇ ਵਸਨੀਕ ਭਾ: ਸੂਰਤ ਸਿੰਘ ਨੂੰ ਮੰਨਿਆ ਹੈ ਤੇ ਸਾਖੀਆਂ ਨੂੰ ਪੜ੍ਹ ਕੇ ਵਿਚਾਰ ਇਹੋ ਬਣਦਾ ਹੈ, ਕਿ ਭਾਈ ਮਨੀ ਸਿੰਘ ਜੀ ਕਥਾ ਕਰਦੇ ਸਨ; ਉਨ੍ਹਾਂ ਦਾ ਕੋਈ ਸ਼ਰਧਾਲੂ ਉਨ੍ਹਾਂ ਦੀਆਂ ਸਾਖੀਆਂ ਸੁਣ ਸੁਣ ਕੇ ਲਿਖਦਾ ਜਾਂਦਾ ਸੀ। ਭਾਈ ਸਾਹਬ ਦੀ ਕਥਾ ਨੇ ਇਸਤਰ੍ਹਾਂ ਦੇ ਕਈ ਹੋਰ ਗ੍ਰੰਥਾਂ ਨੂੰ ਵੀ ਜਨਮ ਦਿਤੇ ਜਿਵੇਂ :— ਸੰਮਤ ੧੭੭੨ ਬਿ: (੧੭੨੫-੬ ਈ: ) ਵਿੱਚ ਭਾਈ ਸਾਹਿਬ ਨੇ ਜ਼ਿਲਾ ਝੰਗ ਦੇ ਪਿੰਡ ਬਾਗ਼ਾਂ ਵਾਲੇ ਦੇ ਗੁਰਦੁਵਾਰਾ ਨਾਨਕ ਸਰ ਵਿੱਚ ਭਾਈ ਭਗਤ ਸਿੰਘ ਆਦਿ ਸਿਖਾਂ ਦੀ ਬੇਨਤੀ ਉਤੇ ਭਾਈ ਗੁਰਦਾਸ ਕ੍ਰਿਤ ਪਹਲੀ ਵਾਰ ਦੀ ਅਠਤਾਲਵੀਂ ਪਉੜੀ—"ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ।..." ਦੀ ਵਿਆਖਿਆ ਇੱਕ ਮਹੀਨਾ ਠਹਰ ਕੇ ਕੀਤੀ — ਅਗੋਂ ਸਰੋਤਿਆਂ ਵਿੱਚ ਭਾਈ ਮੋਹਨ ਨੇ ਭਾਈ ਮਨੀ ਸਿੰਘ ਦੀ ਕਥਾ ਦੇ ਆਧਾਰ ਤੇ ਗੁਰਬਿਲਾਸ ਪਾ : ੬ ਸਾਵਣ ਦੀ ੨੧ ਸੰਮਤ ੧੭੭੫ ਬਿ: (੧੭੧੮ ਈ:) ਨੂੰ ਸਮਾਪਤ ਕੀਤਾ ਏਸੇ ਤਰਾਂ ਸੰਮਤ ੧੭੯੧ ਬਿ: (੧੭੩੪ ਈ:) ਵਿਚ ਭਾਈ ਮਨੀ ਸਿੰਘ ਲਾਹੌਰ ਬੰਦੀ ਖ਼ਾਨੇ ਵਿੱਚ ਸਾਥੀ ਸਿੰਘਾਂ ਨੂੰ ਕਥਾ ਸੁਣਾਉਂਦਾ ਹੁੰਦਾ ਸੀ ਤੇ ਕੋਇਰ ਸਿੰਘ ਨੇ ਜੋ ਡਿਉਟੀ ਤੇ ਹੁੰਦਾ ਸੀ ਨੌਕਰੀ ਛੱਡ ਕੇ ਸੰਮਤ ੧੮੦੧ ਬਿ: (੧੭੪੪ ਈ:) ਵਿਚ ਗੁਰਬਿਲਾਸ' ਪਾ: ੧੦ਵੀਂ ਦਾ ਰੂਪ ਦਿੱਤਾ।

(ੲ) ਦਸਮ ਗ੍ਰੰਥ ਦਾ ਸੰਪਾਦਨ—

ਕੇਸਰ ਸਿੰਘ ਛਿਬਰ ਦੇ ਕਥਨ ਅਨੁਸਾਰ ਭਾਈ ਮਨੀ ਸਿੰਘ ਭੀ ਸ਼ਰਧਾਲੂ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਾਲੀਆਂ ਪੋਥੀਆਂ ਲੱਭ ਕੇ, ਲਿਆਉਣ ਲਈ ਬੜਾ ਖਰਚ ਦਿਆ ਕਰਦੇ ਸਨ। ਗਿਆਨੀ ਹਰਨਾਮ ਸਿੰਘ ਬਲਭ ਵਾਲੀ ਇਤਿਹਾਸਕ ਚਿੱਠੀ ਤੋਂ ਭੀ ਇਸ ਦੀ ਪ੍ਰੋੜਤਾ ਹੁੰਦੀ ਹੈ, ਕਿ ਭਾਈ ਸਾਹਬ ਗੁਰੂ ਸਾਹਬ ਦੀ



Sri Satguru Jagjit Singh Ji eLibrary NamdhariElibrary@gmail.com

ਰਚਨਾ ਇਕੱਤ੍ਰ ਕਰ ਕੇ ਦਿੱਲੀ ਭੇਜਿਆ ਕਰਦੇ ਸਨ। ਜਿਥੇ ਭਾਈ ਸ਼ੀਹਾਂ ਸਿੰਘ ਇਨ੍ਹਾਂ ਨੂੰ ਸਾਂਭਦਾ ਜਾਂਦਾ ਸੀ। ਸਾਡਾ ਅੰਦਾਜ਼ਾ ਹੈ ਕਿ ਕਾਬਲ ਵਿਚ ਭਾਈ ਗੁਰਦਾਸ ਦੇ ਗੁਰਦੁਆਰੇ ਸੰਮਤ ੧੭੬੯ ਬਿ: (੧੭੧੨ ਈ:) ਵਾਲਾ ਦਸਮ ਗ੍ਰੰਥ ਏਸੇ ਭਾਈ ਸ਼ੀਹਾਂ ਸਿੰਘ ਵਾਲਾ ਹੀ ਹੋ ਸਕਦਾ ਹੈ। ਅਜ ਕਲ ਦੀ ਮਨੌਤੀ ਦੇ ਮੁਤਾਬਕ ਸ: ਗੁਲਾਬ ਸਿੰਘ ਸੇਠੀ ਪਾਸ ਪਈ ਬੀੜ ਵਾਲਾ ਦਸਮ ਗ੍ਰੰਥ ਦਾ ਭਾਗ ਭਾਈ ਮਨੀ ਸਿੰਘ ਦਾ ਆਪਣਾ ਸੰਪਾਦਿਤ ਹੈ। ਇਸਦਾ ਸੰਮਤ ੧੭੭੦ ਬਿ (੧੭੧੩ ਈ) ਹੈ, ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਰਚਨਾਂ ਦਾ ਵੱਡਾ ਗ੍ਰੰਥ (ਜੋ ਬਗੈਰ ਜਿਲਦ ਸੀ) ਭਾਈ ਕੇਸਰ ਸਿੰਘ ਛਿਬਰ ਦੇ ਕਥਨ ਅਨੁਸਾਸ ਅਨੰਦਪੁਰ ਦੇ ਉਜਾੜੇ-ਦੇ ਉਪਰੰਤ ਖਿੰਡ ਪੁੰਡ ਗਇਆ ਸੀ। ਇਸ ਦਾ ਹੁਣ ਵਾਲਾ ਵਜੂਦ ਭਾਈ ਮਨੀ ਸਿੰਘ ਜੀ ਦੀ ਕ੍ਰਿਪਾ ਦਾ ਨਤੀਜਾ ਹੈ।

(ਸ) ਗੁਰੂ ਗ੍ਰੰਥ ਸਾਹਬ ਦਾ ਪੁਨਰ ਸੰਪਾਦਨ :—

ਕੇਸਰ ਸਿੰਘ ਦਾ ਕਥਨ ਹੈ ਕਿ ਭਾਈ ਮਨੀ ਸਿੰਘ ਨੇ ਗੁਰੂ ਗ੍ਰੰਥ ਸਾਹਬ ਦੀ ਤਰਤੀਬ ਵਿੱਚ ਫਰਕ ਪਾ ਦਿਤਾ ਤੇ ਰਤਨ ਸਿੰਘ ਭੰਗੂ ਨੇ ਭੀ ਇਹੋ ਜੇਹਾ ਇਸ਼ਾਰਾ ਕੀਤਾ ਹੈ। ਸ: ਗੁਲਾਬ ਸਿੰਘ ਸੇਠੀ ਵਾਲੀ ਬੀੜ ਉਹੀ ਦਸੀ ਜਾਂਦੀ ਹੈ ਜਿਸ ਵਿਚ ਬਾਣੀ ਰਾਗਾਂ ਦੀ ਥਾਂ ਗੁਰ ਸਾਹਬਾਨ ਦੇ ਕਰਮ ਅਨੁਸਾਰ ਤਰਤੀਬੀ ਹੋਈ ਹੈ।

—o—



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com